



ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com

ਸ਼ੁੱਕਰਵਾਰ, 25 ਅਗਸਤ 2023

ਮੁੱਖ ਸੰਪਾਦਕ - ਅਮਨ ਮਹਿਰਾ

(ਜਲੰਧਰ)







R.N.I. Punpun/29016/2008 ✲ ਸਾਲ : 15 ✲ ਅੰਕ : 169 ✲ ਮੁੱਲ : 5.00 ਰੁਪਏ ✲ ਕੁੱਲ ਪੇਜ : 10 ✲ ਫੈਕਸ : 0181-2211009 ✲ M. 99155-94111


## 10 ਇਮਾਰਤਾਂ ਡਿਗਿਆ ਢਿੱਗਾ ਡਿਗਣ ਕਾਰਨ ਕੁੱਲੂ 'ਚ

• ਹਿਮਾਚਲ

ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਵਿੱਚ ਅੱਜ ਢਿੱਗਾ ਡਿੱਗਣ ਕਾਰਨ ਘੱਟੋ-ਘੱਟ 10 ਉਸਾਰੀ ਅਧੀਨ ਵਪਾਰਕ ਇਮਾਰਤਾਂ ਢਹਿ ਗਈਆਂ। ਜ਼ਿਲ੍ਹੇ ਦੇ ਅੰਨੀ ਬਾਜ਼ਾਰ ਇਲਾਕੇ ਵਿੱਚ ਬੱਸ ਸਟੈਂਡ ਨੇੜੇ ਵਾਪਰੀ ਇਸ ਘਟਨਾ ਵਿੱਚ ਹਾਲੇ ਤੱਕ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ। ਹਾਲ ਹੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ ਇਮਾਰਤਾਂ ਨੂੰ 'ਅਸੁਰੱਖਿਅਤ' ਐਲਾਨ ਕੇ ਖਾਲੀ ਕਰਵਾ ਦਿੱਤਾ ਸੀ। ਤਬਾਹੀ ਦੇ ਡਰਾਉਣੇ ਦ੍ਰਿਸ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਏ ਹਨ। ਭੂ-ਵਿਗਿਆਨਕ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਹਿਮਾਚਲ ਪ੍ਰਦੇਸ਼, ਖਾਸ ਕਰਕੇ ਸ਼ਿਮਲਾ, ਧਰਮਸ਼ਾਲਾ ਅਤੇ ਮਨਾਲੀ ਵਰਗੇ ਸੈਰ-ਸਪਾਟਾ ਸਥਾਨਾਂ ਵਿੱਚ ਵੱਡੇ ਪੱਧਰ 'ਤੇ ਚੱਲ ਰਹੇ ਨਿਰਮਾਣ ਨਾਲ ਢਲਾਣਾਂ ਦਾ ਸੰਤੁਲਨ ਵਿਗੜ ਗਿਆ ਹੈ।



## ਐੱਸ. ਟੀ. ਐੱਫ. ਨੂੰ ਮਿਲੀ ਵੱਡੀ ਸਫਲਤਾ

# ਅੱਧਾ ਕਿਲੋ ਹੈਰੋਇਨ ਸਣੇ ਤਿੰਨ ਕਾਬੂ

• ਰਾਜਾਸਾਂਸੀ

ਐੱਸ. ਟੀ. ਐੱਫ. ਜਲੰਧਰ ਰੇਜ ਦੀ ਟੀਮ ਵੱਲੋਂ ਅਜਨਾਲਾ-ਅੰਮ੍ਰਿਤਸਰ ਮੁੱਖ ਰੋਡ ਨਜ਼ਦੀਕ ਏਅਰਪੋਰਟ ਰਾਜਾਸਾਂਸੀ ਤੋਂ ਤਿੰਨ ਵਿਅਕਤੀਆਂ ਨੂੰ ਤਕਰੀਬਨ ਅੱਧਾ ਕਿਲੋ ਹੈਰੋਇਨ ਸਣੇ ਕਾਬੂ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਲਖਵਿੰਦਰ ਸਿੰਘ ਟੀਮ ਐੱਸ. ਟੀ. ਐੱਫ. ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖ਼ਬਰ ਵੱਲੋਂ ਇਤਲਾਹ ਮਿਲੀ ਸੀ ਕਿ ਤਿੰਨ ਨੌਜਵਾਨ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਕਸਬਾ ਰਾਜਾਸਾਂਸੀ ਨਜ਼ਦੀਕ ਮੇਨ ਰੋਡ 'ਤੇ ਨਸ਼ਾ ਸਪਲਾਈ ਕਰਨ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ ਅਤੇ ਜਦ ਡੀ. ਐੱਸ. ਪੀ. ਯੋਗੇਸ਼ ਕੁਮਾਰ ਦੀ ਅਗਵਾਈ 'ਚ ਏ. ਐੱਸ. ਆਈ. ਅਮਨਦੀਪ ਸਿੰਘ, ਅਕਾਸ਼ਦੀਪ ਸਿੰਘ, ਏ. ਐੱਸ. ਆਈ. ਕੁਲਦੀਪ ਸਿੰਘ ਸਮੇਤ ਪੁਲਸ ਪਾਰਟੀ ਨੇ ਮੌਕੇ ਵਾਲੀ ਜਗ?ਹਾ 'ਤੇ ਪੁੱਜ ਕੇ ਇਨ੍ਹਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ। ਤਲਾਸ਼ੀ ਦੌਰਾਨ ਇਨ੍ਹਾਂ ਕੋਲੋਂ 510 ਗ੍ਰਾਮ ਹੈਰੋਇਨ ਬਰਾਮਦ ਹੋਈ, ਜੋ ਇਹ ਆਸ-ਪਾਸ ਦੇ ਪਿੰਡਾਂ 'ਚ ਸਪਲਾਈ ਕਰਨ ਜਾ ਰਹੇ ਸਨ। ਦੋਸ਼ੀਆਂ ਦੀ ਪਛਾਣ ਜੁਗਰਾਜ ਸਿੰਘ ਵਾਸੀ ਸਰਾਂ ਅਜਨਾਲਾ, ਸੇਵਕ ਸਿੰਘ ਵਾਸੀ ਸਰਾਂ ਅਜਨਾਲਾ ਅਤੇ ਜਸਬੀਰ ਸਿੰਘ ਵਾਸੀ ਮਾਨਾਂਵਾਲਾ ਵਜੋਂ ਹੋਈ। ਇਨ੍ਹਾਂ ਵਿਅਕਤੀਆਂ ਖਿਲਾਫ਼ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ ਅਤੇ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਦੇ ਸਬੰਧ ਹੋਰ ਕਿਨ੍ਹਾਂ ਨਸ਼ਾ ਤਸਕਰਾਂ ਨਾਲ ਹਨ, ਵੱਡੇ ਖ਼ੁਲਾਸੇ ਹੋਣ ਦੇ ਆਸਾਰ ਹਨ।



## ਪੰਜਾਬ 'ਚ ਆਪ ਸਰਕਾਰ ਰਾਜ ਵਿਚ ਇਕ ਹੋਰ ਨੌਜਵਾਨ ਦੀ ਨਸ਼ੇ ਕਾਰਨ ਹੋਈ ਮੌਤ

ਬਰਨਾਲਾ/ਰੂੜੇਕੇ ਕਲਾਂ/ਗੁਰਪ੍ਰੀਤ ਸਿੰਘ ਕਾਹਨੇਕੇ

ਜ਼ਿਲ੍ਹ?ਹਾ ਬਰਨਾਲਾ ਦੇ ਪਿੰਡ ਧੌਲਾ ਦੇ ਇਕ ਨੌਜਵਾਨ ਦੀ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਮੌਤ ਹੋਣ ਦੀ ਖ਼ਬਰ ਹੈ। ਜਾਣਕਾਰੀ ਦਿੰਦੇ ਹੋਏ ਅਨੰਤਪਾਲ ਪੁੱਤਰ ਜਗਦੀਸ਼ ਰਾਮ ਵਾਸੀ ਧੌਲਾ ਨੇ ਦੱਸਿਆ ਕਿ ਉਸ ਦਾ ਪੁੱਤਰ ਬਲਜੀਤ ਸਿੰਘ ਉਮਰ 25 ਸਾਲ ਪਿਛਲੇ ਤਿੰਨ ਸਾਲਾਂ ਤੋਂ ਨਸ਼ੇ ਕਰਨ ਦਾ ਆਦੀ ਸੀ। ਉਹ ਮਜ਼ਦੂਰੀ ਕਰਨ ਲਈ ਕਦੇ ਟਰੱਕ ਅਤੇ ਕਦੇ ਹੋਟਲ 'ਤੇ ਚਲਾ ਜਾਂਦਾ ਸੀ। ਪਿਛਲੇ ਦਿਨੀਂ ਉਹ ਮਜ਼ਦੂਰੀ ਕਰਨ ਲਈ ਰਾਜਸਥਾਨ ਗਿਆ ਸੀ, ਜਿੱਥੇ ਕਿ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ ਉਸਦੀ ਮੌਤ ਹੋ ਗਈ ਹੈ।



## ਬਰਿਕਸ ਦੇ ਨਵੇਂ ਮੈਂਬਰ ਹੋਣਗੇ, ਮਿਸਰ, ਇਥੋਪੀਆ, ਇਰਾਨ, ਅਰਜਨਟੀਨਾ, ਯੂਏਈ, ਸਾਊਦੀ ਅਰਬ


**ਨਵੀਂ ਦਿੱਲੀ :** ਬਰਿਕਸ ਸਮੂਹ ਨੇ ਅੱਜ ਐਲਾਨ ਕੀਤਾ ਕਿ ਛੇ ਦੇਸ਼ ਮਿਸਰ, ਇਥੋਪੀਆ, ਇਰਾਨ, ਅਰਜਨਟੀਨਾ, ਯੂਏਈ ਅਤੇ ਸਾਊਦੀ ਅਰਬ ਨੂੰ ਫੁੱਲ ਟਾਈਮ ਮੈਂਬਰ ਵਜੋਂ ਸ਼ਾਮਲ ਕੀਤਾ ਜਾਵੇਗਾ। ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਬਰਿਕਸ ਸੰਮੇਲਨ 'ਚ ਇਹ ਐਲਾਨ ਕੀਤਾ। ਇਹ ਮੈਂਬਰਸ਼ਿਪ 1 ਜਨਵਰੀ, 2024 ਤੋਂ ਲਾਗੂ ਹੋਵੇਗੀ।



## ਲੁਧਿਆਣਾ ਵਿੱਚ ਈਡੀ ਨੇ ਮਾਰਿਆ ਛਾਪਾ ਸਾਬਕਾ ਮੰਤਰੀ ਆਸ਼ੂ ਦੇ ਘਰ

ਲੁਧਿਆਣਾ/ਸੁਖਚੈਨ ਮਹਿਰਾ

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਅੱਜ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਕਾਂਗਰਸ ਆਗੂ ਭਾਰਤ ਭੂਸ਼ਨ ਆਸ਼ੂ ਅਤੇ ਕੁਝ ਹੋਰਾਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਈਡੀ ਦੇ ਅਧਿਕਾਰੀ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੀਆਂ ਧਾਰਾਵਾਂ ਤਹਿਤ ਲੁਧਿਆਣਾ ਅਤੇ ਇਸ ਦੇ ਆਲੇ-ਦੁਆਲੇ 10 ਥਾਵਾਂ 'ਤੇ ਛਾਪੇਮਾਰੀ ਕਰ ਰਹੇ ਹਨ।



## ਹਿਮਾਚਲ ਦੇ ਮੰਡੀ ਜਿਲ੍ਹੇ ਵਿੱਚ ਜਹਾਜ਼ ਰਾਹੀਂ ਖਾਣ ਪੀਣ ਦੀਆਂ ਵਸਤਾਂ ਤੇ ਦਵਾਈਆਂ ਪਹੁਚਾਇਆ ਜਾ ਰਹੀਆਂ

• ਸ਼ਿਮਲਾ

ਹਿਮਾਚਲ ਪ੍ਰਦੇਸ਼ ਵਿਚ ਭਾਰਤੀ ਹਵਾਈ ਸੈਨਾ ਦੀ ਮਦਦ ਨਾਲ ਮੰਡੀ ਜ਼ਿਲੇ ਦੇ ਦੂਰ-ਦੁਰਾਡੇ ਦੇ ਖੇਤਰਾਂ ਵਿਚ ਖ਼ੁਰਾਕੀ ਵਸਤਾਂ ਅਤੇ ਦਵਾਈਆਂ ਨੂੰ ਹਵਾਈ ਜਹਾਜ਼ ਰਾਹੀਂ ਪਹੁੰਚਾਇਆ ਜਾ ਰਿਹਾ ਹੈ ।



## ਭਾਰਤੀ ਕੁਸ਼ਤੀ ਮਹਾਸੰਘ ਨੂੰ ਕੀਤਾ ਮੁਅੱਤਲ ਮਾਮਲਾ ਚੋਣਾ ਨਾ ਕਰਾਉਣ ਦਾ

ਨਵੀਂ ਦਿੱਲੀ/ਕਪੂਰ

ਕੁਸ਼ਤੀ ਦੀ ਵਿਸ਼ਵ ਸੰਚਾਲਨ ਸੰਸਥਾ ਯੂਨਾਈਟਿਡ ਵਰਲਡ ਰੈਸਲਿੰਗ(ਯੂਡਬਲਿਊ ਡਬਲਿਊ) ਨੇ ਭਾਰਤੀ ਕੁਸ਼ਤੀ ਮਹਾਸੰਘ ਨੂੰ ਸਮੇਂ 'ਤੇ ਚੋਣਾਂ ਨਾ ਕਰਵਾਉਣ ਕਾਰਨ ਮੁਅੱਤਲ ਕਰ ਦਿੱਤਾ ਹੈ। ਇਸ ਨਾਲ ਭਾਰਤੀ ਪਹਿਲਵਾਨਾਂ ਨੂੰ ਆਗਾਮੀ ਵਿਸ਼ਵ ਚੈਂਪੀਅਨਸ਼ਿਪ ਵਿੱਚ ਭਾਰਤੀ ਝੰਡੇ ਹੇਠ ਮੁਕਾਬਲਾ ਕਰਨ ਦੀ ਇਜਾਜ਼ਤ ਨਹੀਂ ਮਿਲੇਗਾ। ਭਾਰਤੀ ਪਹਿਲਵਾਨਾਂ ਨੂੰ 16 ਸਤੰਬਰ ਤੋਂ ਸ਼ੁਰੂ ਹੋਣ ਵਾਲੀ ਓਲੰਪਿਕ-ਕੁਆਲੀਫਾਇੰਗ ਵਿਸ਼ਵ ਚੈਂਪੀਅਨਸ਼ਿਪ ਵਿੱਚ 'ਨਿਰਪੱਖ ਅਥਲੀਟਾਂ' ਵਜੋਂ ਮੁਕਾਬਲਾ ਕਰਨਾ ਹੋਵੇਗਾ ਕਿਉਂਕਿ ਭੁਪਿੰਦਰ ਸਿੰਘ ਬਾਜਵਾ ਦੀ ਅਗਵਾਈ ਵਾਲੇ ਐਡ-ਹਾਕ ਪੈਨਲ ਨੇ ਚੋਣਾਂ ਕਰਵਾਉਣ ਲਈ ਤੈਅ 45 ਦਿਨਾਂ ਦੀ ਸਮਾਂ ਸੀਮਾ ਨੂੰ ਟਪਾ ਦਿੱਤਾ ਹੈ। ਆਈਓਏ ਨੇ 27 ਅਪਰੈਲ ਨੂੰ ਐਡ-ਹਾਕ ਪੈਨਲ ਦੀ ਨਿਯੁਕਤੀ ਕੀਤੀ ਸੀ ਅਤੇ ਕਮੇਟੀ ਨੇ 45 ਦਿਨਾਂ ਦੇ ਅੰਦਰ ਚੋਣਾਂ ਕਰਾਉਣੀਆਂ ਸਨ।





JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਇਫਟੂ ਵਲੋਂ ਮਜਦੂਰਾਂ ਨੂੰ ਤਿਖੇ ਸੰਘਰਸ਼ਾਂ ਦਾ ਸੱਦਾ



• ਸਹੀਦ ਭਗਤ ਸਿੰਘ ਨਗਰ

ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼(ਇਫਟੂ) ਦੀ ਕੇਂਦਰੀ ਕਮੇਟੀ ਦੇ ਸੱਦੇ ਤਹਿਤ ਚੱਲ ਰਹੀ ਸਪਤਾਹਿਕ ਮੁਹਿੰਮ ਦੇ ਚੱਲਦਿਆਂ ਅੱਜ ਮਜਦੂਰ ਮੰਡੀ ਚੰਡੀਗੜ੍ਹ ਰੋਡ ਨਵਾਂਸ਼ਹਿਰ ਵਿਖੇ ਮਜਦੂਰਾਂ ਦੀ ਭਰਵੀਂ ਮੀਟਿੰਗ ਹੋਈ ।ਜਿਸ ਵਿਚ ਮਜਦੂਰਾਂ ਨੂੰ ਤਿੱਖੇ ਸੰਘਰਸ਼ਾਂ ਦਾ ਸੱਦਾ ਦਿੱਤਾ ਗਿਆ ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਪ੍ਰੈਸ ਸਕੱਤਰ ਜਸਬੀਰ ਦੀਪ, ਇਫਟੂ ਦੇ ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਅਤੇ ਹਰੀ ਲਾਲ ਨੇ ਕਿਹਾ ਕਿ ਹਾਕਮਾਂ ਦੀਆਂ ਮਜਦੂਰ ਵਿਰੋਧੀ ਨੀਤੀਆਂ ਨੇ ਮਜਦੂਰ ਵਰਗ ਦੇ ਹਾਲਾਤ

**■ ਕਾਰਪੋਰੇਟ ਪੱਖੀ ਸਰਕਾਰ ਨੇ ਮਜਦੂਰ ਜਮਾਤ ਵਲੋਂ ਸੰਘਰਸ਼ ਕਰਕੇ ਜਿੱਤੇ ਕਿਰਤ ਕਾਨੂੰਨ ਬਦਲ ਦਿੱਤੇ ਹਨ ਜਿਹਨਾਂ ਦੀ ਥਾਂ ਉੱਤੇ ਮਜਦੂਰ ਵਿਰੋਧੀ ਚਾਰ ਕਿਰਤ ਕੋਡ ਲਿਆਂਦੇ ਜਾ ਰਹੇ ਹਨ**

ਬਹੁਤ ਹੀ ਮਾੜੇ ਬਣਾ ਦਿੱਤੇ ਹਨ ।ਕੇਂਦਰ ਸਰਕਾਰ ਜਨਤਕ ਖੇਤਰ ਦੇ ਉਦਯੋਗਾਂ ਅਤੇ ਜਨਤਕ ਜਾਇਦਾਦਾਂ ਨੂੰ ਕੌਡੀਆਂ ਦੇ ਭਾਅ ਕਾਰਪੋਰੇਟਾਂ ਹਵਾਲੇ ਕਰ ਰਹੀ ਹੈ ।ਲੱਖਾਂ ਔਰਤਾਂ ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ, ਮਿੱਡ ਡੇ ਮੀਲ ਵਰਕਰਾਂ ਅਤੇ ਹੈਲਪਰਾਂ ਵਜੋਂ ਕੰਮ ਕਰ ਰਹੀਆਂ ਹਨ ਉਹਨਾਂ ਨੂੰ ਸਰਕਾਰੀ ਮੁਲਾਜ਼ਮਾਂ ਵਜੋਂ ਮਾਨਤਾ ਨਹੀਂ ਦਿੱਤੀ ਜਾਂਦੀ ।ਕਾਰਪੋਰੇਟ ਪੱਖੀ ਸਰਕਾਰ ਨੇ ਮਜਦੂਰ ਜਮਾਤ ਵਲੋਂ ਸੰਘਰਸ਼ ਕਰਕੇ ਜਿੱਤੇ ਕਿਰਤ ਕਾਨੂੰਨ ਬਦਲ ਦਿੱਤੇ ਹਨ ਜਿਹਨਾਂ ਦੀ ਥਾਂ ਉੱਤੇ ਮਜਦੂਰ ਵਿਰੋਧੀ ਚਾਰ ਕਿਰਤ ਕੋਡ ਲਿਆਂਦੇ ਜਾ ਰਹੇ ਹਨ ।ਦੇਸ਼ ਵਿਚ ਕਰੋੜਾਂ ਉਸਾਰੀ ਕਾਮੇ ਹਨ ਇਹਨਾਂ ਦੀ ਭਲਾਈ ਲਈ ਸਕੀਮਾਂ ਦਾ ਫੰਡ ਨਾਮਾਤਰ ਹੈ ।ਉਹਨਾਂ ਕਿਹਾ ਕਿ ਮਿਸਤਰੀ ਮਜਦੂਰ ਯੂਨੀਅਨ(ਇਫਟੂ)ਨੇ ਸੰਘਰਸ਼ ਕਰਕੇ ਪੰਜਾਬ ਸਰਕਾਰ ਕੋਲੋਂ ਉਸਾਰੀ ਕਾਮਿਆਂ ਦੀਆਂ ਬਹੁਤ ਸਾਰੀਆਂ ਮੰਗਾਂ ਮਨਵਾਈਆਂ ਹਨ ਜਿਹਨਾਂ ਨੂੰ ਲਾਗੂ ਕਰਵਾਉਣ ਲਈ ਚੌਕਸੀ ਦੀ ਲੋੜ ਹੈ।

# ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਤਾਰ ਜਾਰੀ



**ਦਵਾਈਆਂ ਦੇ ਨਾਲ ਡੇਂਗੂ, ਮਲੇਰੀਆ ਅਤੇ ਵਾਟਰ ਬੋਰਨ ਬਿਮਾਰੀਆਂ ਤੋਂ ਵੀ ਕੀਤਾ ਜਾ ਰਿਹਾ ਸਾਵਧਾਨ**

• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ)

ਪੰਜਾਬ ਸਰਕਾਰ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਘਰਾਂ ਨੇੜੇ ਉਪਲੱਬਧ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸੇ ਕੜੀ ਅਧੀਨ ਅੱਜ ਹਰੀਵਾਲ, ਚੰਦਪੁਰ, ਸ਼ਾਹਪੁਰ ਬੇਲਾ, ਮਹਿਦਲੀ ਖੁਰਦ, ਬੁਰਜ, ਗੱਜਪੁਰ, ਦਸਗਰਾਈ, ਲੋਦੀਪੁਰ ਵਿੱਚ ਸਿਹਤ ਚੈਕਅਪ ਕੈਂਪ ਲਗਾਏ ਗਏ। ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ ਲੋਕਾਂ ਦੀ ਸਿਹਤ ਦਾ ਧਿਆਨ ਰੱਖਣ ਲਈ ਪਿੰਡਾਂ ਵਿੱਚ ਜਿੱਥੇ ਲਗਾਤਾਰ ਮੈਡੀਕਲ ਕੈਂਪ ਲਗਾ ਕੇ ਦਵਾਈ ਦਿੱਤੀ ਜਾ ਰਹੀ ਹੈ ਉੱਥੇ ਹੀ ਲੋਕਾਂ ਨੂੰ ਡੇਂਗੂ, ਮਲੇਰੀਆ ਅਤੇ ਦੂਸ਼ਿਤ ਪਾਣੀ ਨਾਲ਼ ਪੇਟ ਦੀਆਂ ਹੋਣ ਵਾਲ਼ੀਆਂ ਬਿਮਾਰੀਆਂ ਤੋਂ ਵੀ ਸਾਵਧਾਨ ਕੀਤਾ ਜਾ ਰਿਹਾ ਹੈ ਅਤੇ ਬਚਾਓ ਦੇ ਜਰੂਰੀ ਨੁਕਤੇ ਦੱਸੇ ਜਾ ਰਹੇ ਹਨ। ਆਮ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਪਾਣੀ ਜਮ?ਹਾਂ ਹੋਣ ਨਾਲ ਡੇਂਗੂ ਅਤੇ ਮਲੇਰੀਆ ਫੈਲਾਉਣ ਵਾਲ਼ੇ ਮੱਛਰਾਂ ਦਾ ਵੀ ਵਾਧਾ ਹੁੰਦਾ ਹੈ, ਇਸ ਕਰਕੇ ਮੱਛਰਦਾਨੀਆਂ ਦਾ ਇਸਤੇਮਾਲ ਕੀਤਾ ਜਾਵੇ ਅਤੇ ਮੱਛਰ ਭਜਾਊ ਕਰੀਮਾਂ ਅਤੇ ਹੋਰ ਯੰਤਰਾਂ ਦਾ ਇਸਤੇਮਾਲ ਕੀਤਾ ਜਾਵੇ। ਬੁਖਾਰ ਹੋਣ ਦੀ ਸੂਰਤ ਵਿੱਚ ਆਪਣੀ ਮਰਜੀ ਨਾਲ਼ ਦਵਾਈ ਨਾ ਲਈ ਜਾਵੇ ਸਗੋਂ ਸਿਹਤ ਵਿਭਾਗ ਨਾਲ ਰਾਬਤਾ ਕੀਤਾ ਜਾਵੇ ਤਾਂ ਜੋ ਸਹੀ ਸਮੇਂ ਤੇ ਸਹੀ ਇਲਾਜ਼ ਹੋ ਸਕੇ। ਸਿਹਤ ਵਿਭਾਗ ਵੱਲੋ ਦੱਸਿਆ ਗਿਆ ਹੈ ਕਿ ਪਾਣੀ ਨੂੰ ਉਬਾਲ ਕੇ ਠੰਢਾ ਕਰਕੇ ਪੀਤਾ ਜਾਵੇ ਤਾਂ ਜੋ ਦੂਸ਼ਿਤ ਪਾਣੀ ਕਾਰਨ ਪੇਟ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ ਅਤੇ ਲੋਕਾਂ ਨੂੰ ਪਾਣੀ ਨੂੰ ਕਲੋਰੀਨੇਟ ਕਰਕੇ ਪੀਣ ਦੀ ਸਲਾਹ ਦਿੱਤੀ ਜਾ ਰਹੀ ਹੈ।

# ਡਿਪਸ ਤਾਈਕਵਾਂਡੋ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਸਿੱਖ ਖੇਡਾਂ ਵਿੱਚ 2 ਗੋਲਡ ਜਿੱਤੇ



• ਜਲੰਧਰ

ਡਿਪਸ ਸਕੂਲ, ਹਰਿਆਣਾ ਦੇ ਤਾਈਕਵਾਂਡੋ ਖਿਡਾਰੀਆਂ ਨੇ ਪ੍ਰਤਿਯੋਗਿਤਾ ਵਿੱਚ ਆਪਣੇ ਸਰਵੋਤਮ ਖੇਲ ਦਾ ਪ੍ਰਦਰਸ਼ਨ ਕੀਤਾ ਅਤੇ ਰਾਸ਼ਟਰੀ ਖੇਡਾਂ ਵਿੱਚ 2 ਸੋਨ ਅਤੇ 1 ਚਾਂਦੀ ਦਾ ਤਗਮਾ ਜਿੱਤਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਮੋਨਿਕਾ ਸਚਦੇਵਾ ਨੇ ਦੱਸਿਆ ਕਿ 7ਵੀਂ ਜਮਾਤ ਦੀ ਵਿਦਿਆਰਥਣ ਆਂਚਲ ਸ਼ਰਮਾ ਨੇ ਅੰਡਰ 41 ਕੈਡੇਟ ਕੈਟਾਗਰੀ 'ਚ ਸੋਨੇ, 8ਵੀਂ ਜਮਾਤ 'ਚੋਂ ਵਿਭਾ ਨੇ ਜੀ6 'ਚ ਗੋਲਡ ਅਤੇ ਪ੍ਰਾਚੀ ਨੇ ਜੀ1 ਕੈਟਾਗਰੀ 'ਚ ਚਾਂਦੀ ਦਾ ਤਮਗਾ ਹਾਸਲ ਕੀਤਾ ਹੈ।

ਪ੍ਰਿ?ਸੀਪਲ ਮੋਨਿਕਾ ਸਚਦੇਵਾ ਨੇ ਵਿਦਿਆਰਥੀਆਂ ਅਤੇ ਕੋਚ ਵਿਸ਼ਾਲ ਸ਼ਰਮਾ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਆਉਣ ਵਾਲੇ ਮੁਕਾਬਲਿਆਂ 'ਚ ਹੋਰ ਵੀ ਤਗਮੇ ਜਿੱਤਣ ਲਈ ਪ੍ਰੇਰਿਤ ਕੀਤਾ, ਐਮਡੀ ਸਰਦਾਰ ਤਰਵਿੰਦਰ ਸਿੰਘ ਅਤੇ ਸੀਈਓ ਮੋਨਿਕਾ ਮੰਡੋਤਰਾ ਨੇ ਵਿਦਿਆਰਥੀਆਂ, ਸਟਾਫ਼ ਅਤੇ ਮਾਪਿਆਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ।

ਇਸ ਦੇ ਨਾਲ ਹੀ ਉਨ੍ਹਾਂ ਨੇ ਹੋਰ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤੀ, ਤਾਂ ਜੋ ਦੇਸ਼ ਲਈ ਇੱਕ ਵੱਡੀ ਸੰਪਤੀ ਬਣ ਸਕੇ। ਉਹਨਾਂ ਨੇ ਉਹਨਾਂ ਨੂੰ ਦੱਸਿਆ ਕਿ ਖੇਡਾਂ ਨਾ ਸਿਰਫ ਭਵਿੱਖ ਲਈ ਮਹੱਤਵਪੂਰਨ ਹਨ, ਬਲਕਿ ਇਹ ਤੁਹਾਨੂੰ ਆਪਣੇ ਆਪ ਨੂੰ ਸਿਹਤਮੰਦ ਰੱਖਣ ਅਤੇ ਤਣਾਅ ਨੂੰ ਆਪਣੀ ਰੋਜ਼ਾਨਾ ਰੁਟੀਨ ਤੋਂ ਦੂਰ ਰੱਖਣ ਵਿੱਚ ਵੀ ਮਦਦ ਕਰਦੀਆਂ ਹਨ।

# ਚਿੱਟੇ ਨਾਲ ਨਿੱਤ ਮਰ ਰਹੀ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ 'ਗੁਰਾਂ ਦੀ ਜਾਗੋ' 1 ਸਤੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ 'ਤੋਂ ਹੋਵੇਗੀ ਆਰੰਭ



• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਹੜ੍ਹਾਂ ਦੌਰਾਨ ਤਬਾਹੀ ਮਚਾ ਰਹੇ ਦਰਿਆਵਾਂ ਨੂੰ ਬੰਨ੍ਹ ਮਾਰਨ ਵਾਲੇ ਪੰਜਾਬੀ ਯੋਧਿਆਂ ਨੂੰ ਹੀ ਚਿੱਟੇ ਦੇ ਛੇਵੇਂ ਦਰਿਆ ਨੂੰ ਬੰਨ੍ਹਣਾ ਪੈਣਾ ਹੈ। 15 ਤੋਂ 25 ਸਾਲ ਦੇ ਨੌਜਵਾਨਾਂ ਦੇ ਪੰਜਾਬ ਵਿੱਚ ਨਿੱਤ ਬਲਦੇ ਕਈ-ਕਈ ਸਿਵਿਆਂ ਦੇ ਸੇਕ 'ਚ ਭੁੱਜ ਰਹੇ, ਪੰਜਾਬ ਹਿਤੈਸ਼ੀਆਂ ਨੂੰ ਹੁਣ ਇਕੱਠੇ ਹੋਕੇ ਗੁਰੂ ਦੀ ਸ਼ਰਨ ਵਿੱਚ ਤੁਰਨਾ ਪੈਣਾ ਹੈ। ਇਸ ਭਾਵਨਾ ਨੂੰ ਜਗਾਉਣ ਲਈ ਵਿਸ਼ਾਲ ਜਾਗ੍ਰਿਤੀ ਯਾਤਰਾ ÷ਗੁਰਾਂ ਦੀ ਜਾਗੋ' 1 ਸਤੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਆਰੰਭ ਕੀਤੀ ਜਾਏਗੀ। ਇਹ ਵਿਚਾਰ ਅੱਠੇ ਪਹਿਰ ਟਹਿਲ ਸੇਵਾ ਲਹਿਰ ਦੇ ਆਗੂਆਂ ਦੀ ਮੀਟਿੰਗ ਵਿੱਚ ਲਹਿਰ ਦੇ ਮੁੱਖ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਨੇ ਸਾਂਝੇ ਕੀਤੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਅਗੰਮੀ ਮਿਹਰ ਸਦਕਾ ÷ਗੁਰਾਂ ਦੀ ਜਾਗੋ÷ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏਗੀ ਅਤੇ ਸਤਿਗੁਰਾਂ ਦੀ ਛਤਰ-ਛਾਇਆ ਹੇਠ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਪੰਜਾਬੀਆਂ ਨੂੰ ਜਾਗਰੁਕ ਕਰੇਗੀ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਇੱਕਮੁੱਠ ਹੋਕੇ ਨਸ਼ਿਆ ਖਿਲਾਫ਼ ਡਟਣ ਲਈ ਲਾਮਬੰਦ ਕਰੇਗੀ। ਪੰਜਾਬ ਅਤੇ ਨੇੜਲੇ ਸੂਬਿਆਂ 'ਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਹੋ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਨੂੰ ਰੋਕਣ ਲਈ 1 ਸਤੰਬਰ 2021 ਨੂੰ ਤਖ਼ਤ ਸ਼?ਰੀ ਕੇਸਗੜ੍ਹ ਸਾਹਿਬ 'ਤੋਂ ਆਰੰਭ ਹੋਈ 'ਅੱਠੇ ਪਹਿਰ ਟਹਿਲ ਸੇਵਾ ਲਹਿਰ' ਵੱਲੋਂ ਆਪਣੀ ਦੂਜੀ ਵਰ੍ਹੇਗੰਢ ਮੌਕੇ, ਆਪਣੀਆਂ ਸੇਵਾਵਾਂ ਦਾ ਦਾਇਰਾ ਹੋਰ ਵੱਡਾ ਕੀਤਾ ਗਿਆ ਹੈ। ਬੇਅਦਬੀਆਂ ਨੂੰ ਠੱਲ੍ਹਣ ਦੇ ਨਾਲ ਹੀ ਹੁਣ ਨਸ਼ਿਆਂ ਦੇ ਵਹਿਣ ਨੂੰ ਵੀ ਸੰਗਤਾਂ ਅਤੇ ਨੌਜਵਾਨਾਂ ਦੇ ਸਹਿਯੋਗ ਨਾਲ ਡੱਕਾ ਲਾਇਆ ਜਾਏਗਾ। ÷ਗੁਰਾਂ ਦੀ ਜਾਗੋ÷ ਦਾ ਰੂਟ ਮੈਪ ਅਤੇ ਹੋਰ ਵਿਸਥਾਰ, ਆਉਂਦੇ ਦਿਨਾਂ ਵਿੱਚ ਮੀਡੀਆ ਰਾਹੀਂ ਸੰਗਤਾਂ ਨਾਲ ਸਾਂਝਾ ਕੀਤਾ ਜਾਏਗਾ। ਇਹ ਅਲੌਕਿਕ ਜਾਗ੍ਰਿਤੀ ਯਾਤਰਾ, ਪ੍ਰਕਾਸ਼ ਪੁਰਬ ਮੌਕੇ 15 ਸਤੰਬਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਸੰਪੂਰਨ ਹੋਏਗੀ, ਜਿਸ ਵਿੱਚ ਸ਼ਾਮਲ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ, ਦੁਨੀਆਂ ਭਰ ਵਿੱਚ ਵੱਸਦੇ ਪੰਜਾਬੀਆਂ ਨੂੰ ਬੇਅਦਬੀਆਂ ਅਤੇ ਨਸ਼ਿਆਂ ਖਿਲਾਫ਼ ਡਟਣ ਦਾ ਹੋਕਾ ਦੇਣਗੀਆਂ। ਜ਼ਿਕਰਯੋਗ ਹੈ ਕਿ 10 ਅਕਤੂਬਰ 2021 ਨੂੰ ਲਹਿਰ ਵੱਲੋਂ ਕੱਢੇ ਗਏ ਪਹਿਲੇ ਵਿਸ਼ਾਲ ਚੇਤਨਾ ਮਾਰਚ ਦੌਰਾਨ 70 ਬੱਸਾਂ ਦੇ ਕਾਫ਼ਲੇ ਵਿੱਚ 3500 ਸੰਗਤਾਂ ਨੇ ਸ਼ਮੂਲੀਅਤ ਕੀਤੀ ਸੀ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਭਾਈ ਸਾਹਿਬ ਭਾਈ ਮੋਹਿੰਦਰ ਸਿੰਘ, ਚੇਅਰਮੈਨ, ਸੰਗਤ ਟ?ਰਸਟ ਯੂਕੇ ਦੀ ਪ੍ਰੇਰਨਾ ਨਾਲ ਆਰੰਭ ਹੋਈ 'ਅੱਠੇ ਪਹਿਰ ਟਹਿਲ ਸੇਵਾ ਲਹਿਰ' ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਪੰਥ ਦੀਆਂ ਸਮੂਹ ਸੰਪ੍ਰਦਾਵਾਂ, ਨਿਹੰਗ ਸਿੰਘ ਦਲਾਂ, ਕਿਸਾਨ ਜਥੇਬੰਦੀਆਂ ਅਤੇ ਸਿੱਖ ਸੰਸਥਾਵਾਂ ਦਾ ਸਹਿਯੋਗ ਪ੍ਰਾਪਤ ਹੈ। ਇਸ ਮੌਕੇ ਭਾਈ ਜਸਵੀਰ ਸਿੰਘ ਖਾਲਸਾ, ਭਾਈ ਬਲਵਿੰਦਰ ਸਿੰਘ, ਭਾਈ ਜੋਗਾ ਸਿੰਘ, ਭਾਈ ਗੁਰਵਿੰਦਰ ਸਿੰਘ ਅਤੇ ਹੋਰ ਵਿਚਾਰਵਾਨਾਂ ਨੇ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ।

# ਨਿੱਜੀ ਹਸਪਤਾਲਾਂ ਨਾਲ ਮੀਟਿੰਗ, ਡੇਂਗੂ ਦੇ ਵੱਧ ਰਹੇ ਮਾਮਲਿਆਂ ’ਤੇ ਕੀਤੀ ਵਿਚਾਰ ਚਰਚਾ



• ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ

ਪੰਜਾਬ ਸਰਕਾਰ ਦੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸਾਂ ਅਨੁਸਾਰ ਜ਼ਿਲ੍ਹੇ ਭਰ ਵਿੱਚ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਦੀ ਰੋਕਥਾਮ ਸਬੰਧੀ ਗਤੀਵਿਧੀਆਂ ਕੀਤੀਆਂ ਜਾ ਰਹੀਆ ਹਨ ਜਿਸਦੇ ਤਹਿਤ ਅੱਜ ਸਿਵਲ ਸਰਜਨ ਡਾ ਹਿਤਿੰਦਰ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ, ਲੈਬਾਰਟਰੀਆਂ ਦੇ ਡਾਕਟਰਾਂ ਅਤੇ ਨੋਡਲ ਅਧਿਕਾਰੀਆਂ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਸਿਵਲ ਸਰਜਨ ਡਾ ਹਿਤਿੰਦਰ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਮਲੇਰੀਆ, ਡੇਂਗੂ ਅਤੇ ਚਿਕਨਗੁਣੀਆ ਦੇ ਵੱਧ ਰਹੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਭਾਗ ਦੀਆਂ ਟੀਮਾਂ ਲੋਕਾਂ ਨੂੰ ਬੀਮਾਰੀਆਂ ਤੋ ਬਚਾਅ ਸਬੰਧੀ ਜ਼ਿਲ੍ਹੇ ਭਰ ਵਿਚ ਜਾਗਰੂਕ ਕਰ ਰਹੀਆ ਹਨ, ਇਨ੍ਹਾਂ ਬਿਮਾਰੀਆ ਤੋਂ ਬਚਾਅ ਸਬੰਧੀ ਪ੍ਰਾਈਵੇਟ ਹਸਪਤਾਲਾਂ ਵਿਚ ਵੀ ਪ੍ਰਚਾਰ ਸਮਗਰੀ ਸਥਾਪਤ ਕੀਤੀ ਜਾਵੇ ਤਾਂ ਜੋ ਆਮ ਲੋਕਾਂ ਨੂੰ ਇਨ੍ਹਾਂ ਬੀਮਾਰੀਆਂ ਤੋ ਬਚਾਇਆ ਜਾ ਸਕੇ। ਉਨਾਂ ਕਿਹਾ ਕਿ ਜੇਕਰ ਡੇਂਗੂ, ਮੇਲਰੀਆ ਦੇ ਮਾਮਲੇ ਪ੍ਰਾਈਵੇਟ ਹਸਪਤਾਲਾਂ ਵਿਚ ਆਉਦੇ ਹਨ ਤਾਂ ਤੁਰੰਤ ਉਸ ਦੀ ਜਾਣਕਾਰੀ ਸਿਹਤ ਵਿਭਾਗ ਨੂੰ ਦਿੱਤੀ ਜਾਵੇ।

ਉਨਾਂ ਅੱਗੇ ਦੱਸਿਆ ਕਿ ਸਿਹਤ ਮੰਤਰੀ ਡਾ ਬਲਬੀਰ ਸਿੰਘ ਵਲੋ ਪੰਜਾਬ ਭਰ ਵਿੱਚ ਡੇਗੂ ਵਿਰੋਧੀ ਮੁਹਿੰਮ ਦੀ ਸੁਰੂਆਤ ਕੀਤੀ ਗਈ, ਜਿਸ ਦਾ ਨਵਾਂ ਨਾਅਰਾ ’ਹਰ ਸੁੱਕਰਵਾਰ, ਡੇਂਗੂ ਤੇ ਵਾਰ’ ਹੇਠ ਹਰ ਸੁੱਕਰਵਾਰ ਨੂੰ ਹਸਪਤਾਲਾਂ ਦੀ ਸਫਾਈ ਦੌਰਾਨ ਕੂਲਰਾਂ ਗਮਲਿਆਂ , ਫਰਿੱਜਾਂ ਦੀਆਂ ਟਰੇਆਂ ਅਤੇ ਜਿੱਥੇ ਵੀ ਪਾਣੀ ਖੜਾ ਨਜ਼ਰ ਆਵੇ ਉਸਨੂੰ ਸਾਫ ਕੀਤਾ ਜਾਵੇ ਤਾਂ ਕਿ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾ ਸਕੇ। ਮੀਟਿੰਗ ਦੌਰਾਨ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਮੇਸ਼ ਨੇ ਆਏ ਡਾਕਟਰਾਂ ਅਤੇ ਨੋਡਲ ਅਫਸਰਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਜੋ ਇਨ੍ਹਾਂ ਬਿਮਾਰੀਆਂ ’ਤੇ ਕਾਬੂ ਪਾਇਆ ਜਾ ਸਕੇ। ਇਸ ਮੌਕੇ ਸਹਾਇਕ ਮਲੇਰੀਆ ਅਫਸਰ ਦਲਬੀਰ ਸਿੰਘ, ਹੈਲਥ ਸੁਪਰਵਾਇਜਰ ਪ੍ਰੇਮ ਸਿੰਘ, ਜਸਬੀਰ ਸਿੰਘ ਤੋ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਪੰਜਾਬ ਭਰ ਦੇ ਸਕੂਲਾਂ ਵਿੱਚ ਮਸ਼ੀਨੀ ਢੰਗ ਨਾਲ ਛੁੱਟੀਆਂ ਕਰਨਾ ਗ਼ੈਰ ਵਾਜਬ : ਡੀਟੀਐੱਫ



• ਸੰਗਰੂਰ/ਕੁਲਵਿੰਦਰ ਸਿੰਘ ਧੀਮਾਨ

ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਪੰਜਾਬ ਸਰਕਾਰ ਵੱਲੋਂ ਨਾਲ ਪੰਜਾਬ ਭਰ ਦੇ ਸਕੂਲਾਂ ਵਿੱਚ ਤਰਕਸੰਗਤ ਤਰੀਕੇ ਦੀ ਬਜਾਏ ਮਸ਼ੀਨੀ ਢੰਗ ਨਾਲ ਅਚਾਨਕ ਛੁੱਟੀਆਂ ਕੀਤੇ ਜਾਣ ਨੂੰ ਅਣਉਚਿਤ ਦੱਸਦਿਆਂ ਮੰਗ ਕੀਤੀ ਕਿ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਸਕੂਲਾਂ ਨੂੰ ਛੁੱਟੀਆਂ ਕਰਨ ਦੇ ਅਧਿਕਾਰ ਜ਼ਿਲ੍ਹਾ ਅਧਿਕਾਰੀਆਂ ਨੂੰ ਸੌਂਪੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੁਝ ਜ਼ਿਲ੍ਹਿਆਂ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਵੱਲੋਂ ਪੂਰੇ ਪੰਜਾਬ ਦੇ ਸਕੂਲ ਚਾਰ ਦਿਨ ਲਈ ਬੰਦ ਕਰ ਦਿੱਤੇ ਗਏ ਹਨ, ਜਦਕਿ ਪੰਜਾਬ ਦੇ ਕੁਝ ਜ਼ਿਲ੍ਹਿਆਂ ਦੇ ਖੇਤਰ ਅਜਿਹੇ ਵੀ ਹਨ ਜੋ ਸੋਕੇ ਦੀ ਮਾਰ ਝੱਲ ਰਹੇ ਹਨ ਅਤੇ ਮੀਂਹ ਨੂੰ ਉਡੀਕ ਰਹੇ ਹਨ। ਅਜਿਹੇ ਖੇਤਰਾਂ ਵਿਚਲੇ ਸਕੂਲਾਂ ਨੂੰ ਛੁੱਟੀਆਂ ਕਰਨਾ

**■ ਛੁੱਟੀਆਂ ਕਰਨ ਵਾਲੇ ਦਿਨ ਹੀ ਸਤੰਬਰ ਪ੍ਰੀਖਿਆਵਾਂ ਦੀ ਡੇਟ ਸ਼ੀਟ ਜਾਰੀ ਕਰਨਾ ਵੀ ਸਿੱਖਿਆ ਵਿਭਾਗ ਦੀ ਯੋਜਨਾਬੰਦੀ ਦੀ ਘਾਟ ਦਾ ਹੀ ਸਬੂਤ ਹੈ**

ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੋ ਸਕਦਾ। ਇਸੇ ਤਰ੍ਹਾਂ ਹੜ੍ਹਾਂ ਦੇ ਡਰ ਦਾ ਬਹਾਨਾ ਬਣਾ ਕੇ ਜੁਲਾਈ ਮਹੀਨੇ ਵਿੱਚ ਛੁੱਟੀਆਂ ਕੀਤੀਆਂ ਗਈਆਂ ਸਨ। ਇੰਨ੍ਹਾਂ ਖੇਤਰਾਂ ਦੇ ਵਿਦਿਆਰਥੀਆਂ ਦੇ ਮਾਪੇ ਪੰਜਾਬ ਸਰਕਾਰ ਦੀ ਸਿੱਖਿਆ ਪ੍ਰਤੀ ਮਸ਼ੀਨੀ ਪਹੁੰਚ ਕਾਰਨ ਚਿੰਤਾ ਵਿੱਚ ਹਨ। ਡੀ ਟੀ ਐੱਫ ਦੇ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਕਿਹਾ ਕਿ ਸਿੱਖਿਆ ਮੰਤਰੀ ਪੰਜਾਬ ਵੱਲੋਂ ਕੁਝ ਹਿੱਸਿਆਂ ਵਿੱਚ ਆਪਣੀ ਵਾਹਵਾਹੀ ਕਰਾਉਣ ਦੇ ਚੱਕਰ ਵਿੱਚ ਪੂਰੇ ਪੰਜਾਬ ਦੀ ਜ਼ਮੀਨੀ ਹਕੀਕਤਾਂ ਜਾਣੇ ਬਿਨਾਂ ਪੂਰੇ ਪੰਜਾਬ ਦੇ ਸਕੂਲਾਂ ਵਿੱਚ ਛੁੱਟੀਆਂ ਕਰਨਾ ਸਾਬਤ ਕਰਦਾ ਹੈ ਕਿ ਉਹ ਪੰਜਾਬ ਭਰ ਦੇ ਵਿਦਿਆਰਥੀਆਂ ਦੀ ਸਿੱਖਿਆ ਪ੍ਰਤੀ ਕਿੰਨੇ ਕੁ ਚਿੰਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਇੰਨ੍ਹਾਂ ਛੁੱਟੀਆਂ ਨਾਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੇ ਗਏ ਰਜਿਸਟ?ਰੇਸ਼ਨ ਅਤੇ ਕੰਟੀਨਿਊਏਸ਼ਨ ਦੇ ਕੰਮ ਲਈ ਅਧਿਆਪਕਾਂ ਨੂੰ ਘੱਟ ਦਿਨ ਮਿਲਣਗੇ ਜਿੰਨ੍ਹਾਂ ਵਿੱਚ ਵਾਧਾ ਕੀਤੇ ਜਾਣ ਦੀ ਲੋੜ ਹੈ। ਇਸੇ ਤਰ੍ਹਾਂ ਛੁੱਟੀਆਂ ਕਰਨ ਵਾਲੇ ਦਿਨ ਹੀ ਸਤੰਬਰ ਪ੍ਰੀਖਿਆਵਾਂ ਦੀ ਡੇਟ ਸ਼ੀਟ ਜਾਰੀ ਕਰਨਾ ਵੀ ਸਿੱਖਿਆ ਵਿਭਾਗ ਦੀ ਯੋਜਨਾਬੰਦੀ ਦੀ ਘਾਟ ਦਾ ਹੀ ਸਬੂਤ ਹੈ। ਆਗੂਆਂ ਨੇ ਮੰਗ ਕੀਤੀ ਕਿ ਸਿੱਖਿਆ ਵਿਭਾਗ ਆਪਣੇ ਗੈਰ ਯੋਜਨਾਬੱਧ ਢੰਗ ਤਰੀਕਿਆਂ ਵਿੱਚ ਲੋੜੀਂਦੀਆਂ ਤਬਦੀਲੀਆਂ ਕਰੇ ਤਾਂ ਜੋ ਸਿੱਖਿਆ ਦੇ ਪੱਧਰਾਂ ਵਿੱਚ ਗੁਣਾਤਮਕ ਸੁਧਾਰ ਹੋ ਸਕੇ।

# ਨਾਜਰ ਸਿੰਘ ਮਾਨਸਾਹੀਆ ਨੇ ਸਕੂਲੀ ਬੱਚਿਆਂ ਲਈ ਲਗਵਾਇਆ ਵਾਟਰ ਕੂਲਰ

• ਮਾਨਸਾ



ਉੱਘੇ ਸਮਾਜ ਸੇਵੀ ਅਤੇ ਸਾਬਕਾ ਐਮਐਲਏ ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਨੇ ਪਿੰਡ ਕੋਟੜਾ ਕਲਾਂ ਦੇ ਸਕੂਲੀ ਬੱਚਿਆਂ ਨੂੰ ਪੀਣ ਵਾਲੇ ਪਾਣੀ ਦੀ ਆ ਰਹੀ ਮੁਸ਼ਕਲ ਨੂੰ ਗੰਭੀਰਤਾ ਨਾਲ ਲੈਂਦਿਆਂ ਕਲੱਬ ਪ੍ਰਧਾਨ ਰਾਵਲ ਸਿੰਘ ਕੋਟੜਾ ਕਲਾਂ ਅਤੇ ਮੁੱਖ ਅਧਿਆਪਕ ਰਾਜਿੰਦਰ ਸਿੰਘ ਦੇ ਕਹਿਣ ਤੇ ਇੱਕ ਆਰ ਓ ਸਹਿਤ 48000 ਰੁਪਏ ਦੀ ਕੀਮਤ ਦਾ ਇਕ ਵਾਟਰ ਕੂਲਰ ਲਗਵਾਇਆ। ਇਸ ਤੋਂ ਇਲਾਵਾ ਸਾਬਕਾ ਐਮਐਲਏ ਨਾਜਰ ਸਿੰਘ ਮਾਨਸਾਹੀਆ ਨੇ ਬੱਚਿਆਂ ਵਿੱਚ ਖੇਡ ਦੀ ਭਾਵਨਾ ਨੂੰ ਪ੍ਰਫੁੱਲਤ ਕਰਨ ਲਈ 15 ਸਕੂਲੀ ਖਿਡਾਰੀਆਂ ਨੂੰ ਟਰੈਕ ਸ਼ੂਟ ਵੀ ਵੰਡੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਜੱਗਾ ਸਿੰਘ ਅਲੀਸ਼ੇਰ ਕਲਾਂ, ਦੀਦਾਰ ਮਾਨ ਭੈਣੀ ਬਾਘਾ, ਅਜੈਬ ਸਿੰਘ, ਬਿੰਦਰ ਸਿੰਘ ਜਗਸੀਰ ਸਿੰਘ, ਰਾਜ ਸਿੰਘ, ਲਾਭ ਸਿੰਘ ਸਿਮਰਜੀਤ ਸਿੰਘ ਅਤੇ ਬਿੰਦਰ ਸਿੰਘ ਨਾਜਰ ਕਾ ਮੌਜੂਦ ਸਨ। ਕਲੱਬ ਪ੍ਰਧਾਨ ਰਾਵਲ ਸਿੰਘ ਕੋਟੜਾ ਅਤੇ ਮੁੱਖ ਅਧਿਆਪਕ ਰਾਜਿੰਦਰ ਸਿੰਘ ਨੇ ਨਾਜਰ ਸਿੰਘ ਮਾਨਸ਼ਾਹੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੋਟੜਾ ਕਲਾਂ ਦੇ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀ ਇਹ ਵਾਟਰ ਕੂਲਰ ਵਾਲੀ ਬਹੁਤ ਵੱਡੀ ਸਮੱਸਿਆ ਸੀ।

# ਹਾਈ ਰਿਸਕ ਗਰਭ ਅਵਸਥਾ ਨਾਲ ਜੂਝ ਰਹੀ ਔਰਤ ਨੇ ਸਿਹਤਮੰਦ ਬੱਚੇ ਨੂੰ ਜਨਮ ਦਿੱਤਾ




• ਮੋਹਾਲੀ

ਹਾਈ ਰਿਸਕ ਗਰਭ ਅਵਸਥਾ ਨਾਲ ਜੂਝ ਰਹੀ 26 ਸਾਲਾ ਔਰਤ ਨੇ ਹਾਲ ਹੀ ਵਿੱਚ ਆਈਵੀਵਾਈ ਹਸਪਤਾਲ, ਨਵਾਂਸ਼ਹਿਰ ਵਿਖੇ ਇੱਕ ਸਿਹਤਮੰਦ ਬੱਚੇ ਨੂੰ ਜਨਮ ਦਿੱਤਾ ਆਪਣੀ ਗਰਭ ਅਵਸਥਾ ਦੇ ਸਿਰਫ਼ 8.5 ਮਹੀਨੇ ਬਾਅਦ, ਬਲਵਿੰਦਰ ਚਿੰਤਾਜਨਕ ਲੱਛਣਾਂ ਦੇ ਨਾਲ ਆਈਵੀਵਾਈ ਦੇ ਐਮਰਜੈਂਸੀ ਵਾਰਡ ਵਿੱਚ ਪਹੁੰਚੀ। ਪ੍ਰਸੂਤੀ ਅਤੇ ਗਾਇਨੀਕੋਲੋਜੀ ਸਲਾਹਕਾਰ ਡਾ. ਕਿਰਨ ਚੰਦਰਵੰਸ਼ੀ ਨੇ ਕਿਹਾ ਕਿ ਔਰਤ ਨੂੰ ਚਿੰਤਾਜਨਕ ਤੌਰ ’ਤੇ ਘੱਟ ਐਮਨਿਓਟਿਕ ਲੈਵਲ, ਹੀਮੋਗਲੋਬਿਨ ਦੀ ਗਿਣਤੀ ਸਿਰਫ 4.5 ✿/⬇ ਸੀ ਅਤੇ 70,000 ਦੇ ਪਲੇਟਲੇਟ ਦੀ ਗਿਣਤੀ ਦੇ ਨਾਲ ਗੰਭੀਰ ਥ?ਰੋਮੋਸਾਈਟੋਪੇਨੀਆ ਸੀ। ਡਾ: ਕਿਰਨ ਨੇ ਕਿਹਾ ਕਿ ਮਾਇਓਕਾਰਡਾਈਟਿਸ ਅਤੇ ਪੈਡਲ ਐਡੀਮਾ ਦੇ ਨਾਲ ਕੇਸ ਹਾਈ ਰਿਸਕ ਸੀ। ਤੁਰੰਤ ਇੰਟਰਵੈਂਸ਼ਨਵਿੱਚ ਖੂਨ ਅਤੇ ਪਲਾਜ਼ਮਾ ਟ?ਰਾਂਸਫਿਊਜ਼ਨ ਸ਼ਾਮਲ ਸੀ, ਜਿਸਦਾ ਉਦੇਸ਼ ਔਰਤ ਦੀ ਸਥਿਤੀ ਨੂੰ ਸਥਿਰ ਕਰਨਾ ਸੀ। ਡਾ: ਕਿਰਨ ਚੰਦਰਵੰਸ਼ੀ ਨੇ ਸੀ-ਸੈਕਸ਼ਨ ਕੀਤਾ, ਜਿਸ ਨੇ ਬੱਚੇ ਦੀ ਸੁਰੱਖਿਅਤ ਆਮਦ ਨੂੰ ਯਕੀਨੀ ਬਣਾਇਆ, ਜਿਸ ਨੂੰ ਬਾਅਦ ਵਿੱਚ ਬਾਲ ਰੋਗ ਮਾਹਿਰ ਡਾ: ਮਮਤਾ ਚੌਧਰੀ ਦੀ ਸਾਵਧਾਨੀਪੂਰਵਕ ਨਿਗਰਾਨੀ ਹੇਠ ਨਿਓਨੇਟਲ ਇੰਟੈਂਸਿਵ ਕੇਅਰ ਯੂਨਿਟ ਵਿੱਚ ਪ੍ਰਬੰਧਿਤ ਕੀਤਾ ਗਿਆ। ਅਣਥੱਕ ਕੋਸ਼ਿਸ਼ਾਂ ਅਤੇ ਕਈ ਟ?ਰਾਂਸਫਿਊਜ਼ਨਾਂ ਦੇ ਬਾਵਜੂਦ, ਬਲਵਿੰਦਰ ਦੀ ਅਨੀਮੀਆ ਇੱਕ ਮਹੱਤਵਪੂਰਨ ਚੁਣੌਤੀ ਬਣੀ ਰਹੀ ਪਰ, ਡਾਕਟਰੀ ਟੀਮ ਦੇ ਸਹਿਯੋਗੀ ਪਹੁੰਚ ਨਾਲ, ਬਲਵਿੰਦਰ ਦੀ ਹਾਲਤ ਵਿੱਚ ਹੌਲੀ-ਹੌਲੀ ਸੁਧਾਰ ਹੋਇਆ ਅਤੇ ਉਸ ਨੂੰ ਬੱਚੇ ਸਮੇਤ ਤੰਦਰੁਸਤ ਹਾਲਤ ਵਿੱਚ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

# ਬਾਲਾ ਜੀ ਕਲੈਕਸ਼ਨ ਵੱਲੋਂ ਫਰੀ ਕੈਂਪ 27 ਨੂੰ

**ਲੁਧਿਆਣਾ** : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਬਾਲਾ ਜੀ ਕਲੈਕਸ਼ਨ ਸੈਂਟਰ ਵੱਲੋਂ ਫਰੀ ਕੈਂਪ 27 ਅਗਸਤ ਦਿਨ ਐਤਵਾਰ ਨੂੰ ਸਵੇਰੇ ਸਾਢੇ ਸੱਤ ਵਜੇ ਤੋਂ ਦੁਪਹਿਰ ਇੱਕ ਵਜੇ ਤੱਕ ਲਗਾਇਆ ਜਾ ਰਿਹਾ ਹੈ। ਕੈਂਪ ਦਾ ਉਦਘਾਟਨ ਸ੍: ਗੁਰਮੀਤ ਸਿੰਘ ਜੀ ਸੀਨੀਅਰ ਮੀਤ ਪ੍ਰਧਾਨ ਕਰਨਗੇ। ਕੈਂਪ ਵਿੱਚ 10 ਰੁਪਏ ਰਜਿਸਟਰੇਸ਼ਨ ਫੀਸ ਦੇ ਕੇ ਸ਼ੂਗਰ, ਕੋਲੈਸਟਰੋਲ, ਹੀਮੋਗਲੋਬਿਨ, ਬਲੱਡ ਪ੍ਰੈਸ਼ਰ, ਕੈਲਸ਼ੀਅਮ ਫਰੀ ਟੈਸਟ ਕਰਵਾ ਸਕਦੇ ਹੋ। ਪੂਰੇ ਸਰੀਰ ਦੀ ਜਾਂਚ ਲਈ 50 ਪ੍ਰਤੀਸ਼ਤ ਛੋਟ ਦਿੱਤੀ ਜਾਵੇਗੀ। ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਓ। ਵਧੇਰੇ ਜਾਣਕਾਰੀ ਲਈ 98887 13117 , 98887 03117 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਿਸ਼ਨ ਚੰਦਰਯਾਨ 3 ਦੀ ਸਫਲਤਾ 'ਤੇ ਖੁਸ਼ੀ ਵਜੋਂ ਲੱਡੂ ਵੰਡੇ

## ਮੋਦੀ ਜੀ ਦੀ ਦੂਰ ਅੰਦੇਸ਼ੀ ਸੋਚ ਸਦਕਾ ਭਾਰਤ ਦੀ ਚੜ੍ਹਤ ਦੇ ਝੰਡੇ ਚੰਦਰਮਾ 'ਤੇ ਝੂਲੇ : ਤੰਬੜ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਭਾਜਪਾ ਯੁਵਾ ਮੋਰਚਾ ਦੇ ਆਗੂਆਂ ਵਲੋਂ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਚੰਦਰਯਾਨ 3 ਮਿਸ਼ਨ ਦੀ ਸਫਲਤਾ ਦੀ ਖੁਸ਼ੀ ਵਜੋਂ ਸ਼ਹਿਰ ਵਿਚ ਲੱਡੂ ਵੰਡੇ ਗਏ। ਇਸ ਮੌਕੇ ਸੂਬਾ ਮੀਤ ਪ੍ਰਧਾਨ ਸੁਖਬੀਰ ਸਿੰਘ ਤੰਬੜ ਨੇ ਕਿਹਾ ਕਿ ਦੇਸ਼ ਨੂੰ ਇਸਰੋ ਵਿਗਿਆਨੀਆਂ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਜਦੋਂ ਚੰਦਰਯਾਨ 2 ਮਿਸ਼ਨ ਦੌਰਾਨ ਲੈਂਡਰ ਕਰੈਸ਼ ਹੋ ਗਿਆ ਤਾਂ ਉਸ ਸਮੇਂ ਸਾਡੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਨੇ ਸਾਰੇ ਵਿਗਿਆਨੀਆਂ ਨੂੰ ਹਿੰਮਤ ਨਾ ਹਾਰਦੇ ਜੰਗ ਜਾਰੀ ਰੱਖਣ ਦਾ ਹੌਂਸਲਾ ਦਿੱਤਾ ਸੀ ਜੋ ਐਤਕੀ ਰੰਗ ਲਿਆਇਆ ਹੈ ਤੇ ਅੱਜ ਭਾਰਤ ਦੀ ਚੜ੍ਹਤ ਦੇ ਝੰਡੇ ਚੰਦਰਮਾ 'ਤੇ ਝੂਲ ਰਹੇ ਹਨ, ਜਿਸ ਲਈ ਸਾਡੇ ਪ੍ਰਧਾਨ ਮੰਤਰੀ ਜੀ, ਈਸਰੋ ਦੇ ਚੇਅਰਮੈਨ ਤੇ ਵਿਗਿਆਨੀ ਵਧਾਈ ਦੇ ਪਾਤਰ ਹਨ। ਤੰਬੜ ਨੇ ਕਿਹਾ ਕਿ ਇਹ ਪਲ ਅਭੁੱਲਣਯੋਗ ਅਤੇ ਬੇਮਿਸਾਲ ਹੈ। ਇਹ ਪਲ ਵਿਕਸਤ ਭਾਰਤ ਦੀ ਖੁਸ਼ਹਾਲੀ ਦਾ ਹੈ, ਨਿਊ ਇੰਡੀਆ ਦੇ ਜੈ ਘੋਸ਼ ਦਾ ਹੈ। ਇਹ ਜਿੱਤ ਦੇ ਚੰਨ ਮਾਰਗ 'ਤੇ ਚੱਲਣ ਦਾ ਪਲ ਹੈ। ਇਸ ਮੌਕੇ ਜ਼ਿਲ੍ਹਾ ਯੁਵਾ ਪ੍ਰਧਾਨ ਅਮਨਪ੍ਰੀਤ ਕਾਬੜਵਾਲ ਨੇ ਕਿਹਾ ਕਿ ਇਸ ਮਿਸ਼ਨ ਦੀ ਜਿੱਤ ਸਾਡੇ ਲਈ ਇਤਿਹਾਸਿਕ ਪੱਲ ਹੈ ਜਿਸ ਨੇ ਵਿਸ਼ਵ ਲਈ ਇੱਕ ਮੀਲ ਪੱਥਰ ਸਥਾਪਿਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਚੰਦਰਮਾ ਦੇ ਦੱਖਣੀ ਧਰੁਵ ਦੇ ਇਲਾਕੇ ਵਿੱਚ ਸਫ਼ਲਤਾਪੂਰਵਕ ਉਤਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ, ਜਿਸ 'ਤੇ ਹਰਕੇ ਭਾਰਤ ਵਾਸੀ ਨੂੰ ਮਾਣ ਹੈ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਜਗਦੀਸ਼ ਕਟਲੀ, ਮੰਡਲ ਪ੍ਰਧਾਨ ਜਗਦੀਸ਼ ਚੰਦਰ ਕਾਜਲਾ, ਉਪ ਪ੍ਰਧਾਨ ਮੰਡਲ ਗਗਨ ਗੁਪਤਾ, ਕਰਨਵੀਰ ਸਿੰਘ ਜੌਲੀ, ਰੂਪਨਗਰ ਯੁਵਾ ਮੋਰਚਾ ਪ੍ਰਧਾਨ ਨਿਸ਼ਾਂਤ ਰਾਣਾ ਪ੍ਰਿੰਸ, ਲੋਕੇਸ਼ ਸ਼ਰਮਾ, ਸ੍ਰੀ ਕਿਰਲਾਨੀ ਸਮੇਤ ਵੱਡੀ ਗਿਣਤੀ ਪਾਰਟੀ ਵਰਕਰ ਮੌਜੂਦ ਸਨ।

# ਆਯੁਸ਼ਮਾਨ ਕਾਰਡ ਬਣਾਉਣ ਲਈ ਲਗਾਇਆ ਕੈਂਪ



**• ਲੁਧਿਆਣਾ/ ਸਮਰਾਲਾ ਵਰਿੰਦਰ ਪ੍ਰਕਾਸ਼ ਭਾਂਬਰੀ,ਸੁਖਚੈਨ ਮਹਿਰਾ**

ਸਿਵਲ ਸਰਜਨ ਲੁਧਿਆਣਾ ਡਾਕਟਰ ਹਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾ ਅਤੇ ਸਿਵਲ ਹਸਪਤਾਲ ਸਮਰਾਲਾ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਦੀ ਅਗਵਾਈ ਹੇਠ ਸਮਰਾਲਾ ਸ਼ਹਿਰ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਿਹਤ ਬੀਮਾ ਯੋਜਨਾ ਤਹਿਤ ਆਯੁਸ਼ਮਾਨ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਹਲਕਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਜੀ ਵੱਲੋਂ ਕੀਤਾ ਗਿਆ।ਇਸ ਮੌਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਬੀਮਾ ਯੋਜਨਾ ਜਾਗਰੂਕਤਾ ਵਹੀਕਲ ਨੂੰ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਜੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਮਾਨ ਸਾਹਿਬ ਜੀ ਅਤੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਜੀ ਪੰਜਾਬ ਦੇ ਲੋਕਾਂ ਲਈ ਹਰ ਸਮੇ ਮੌਜੂਦ ਹਨ ਅਤੇ ਲੋਕਾਂ ਦੀ ਸਿਹਤ ਪ੍ਰਤੀ ਵਚਨਵੱਧ ਹਨ ਅਤੇ ਇਸੇ ਲੜੀ ਤਹਿਤ ਆਯੁਸ਼ਮਾਨ ਕਾਰਡ ਬਣਾਏ ਜਾ ਰਹੇ ਹਨ।ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਆਯੁਸ਼ਮਾਨ ਕਾਰਡ ਤਹਿਤ ਲੋਕ ਆਪਣਾ ਪੰਜ ਲੱਖ ਤੱਕ ਦਾ ਇਲਾਜ਼ ਹਸਪਤਾਲ ਵਿੱਚ ਮੁਫ਼ਤ ਕਰਵਾ ਸਕਦੇ ਹਨ। ਹੁਣ ਤੱਕ ਇਸ ਬੀਮਾ ਯੋਜਨਾ ਦਾ ਫਾਇਦਾ ਬਹੁਤ ਲੋਕ ਲੈ ਚੁੱਕੇ ਹਨ। ਇਸ ਮੌਕੇ ਇਸ ਸਿਹਤ ਬੀਮਾ ਯੋਜਨਾ ਦਾ ਕਾਰਡ ਬਣਾਉਣ ਲਈ ਕਾਫੀ ਭੀੜ ਦੇਖਣ ਨੂੰ ਮਿਲੀ। ਇਸ ਮੌਕੇ ਹਲਕਾ ਵਿਧਾਇਕ ਸ. ਜਗਤਾਰ ਸਿੰਘ ਦਿਆਲਪਰਾ, ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ, ਪਰਦੀਪ ਕੁਮਾਰ ਮਲਟੀਪਰਪਜ਼ ਹੈਲਥ ਵਰਕਰ, ਰਸ਼ਪਿੰਦਰ ਕੌਰ, ਗੁਰਚਰਨ ਸਿੰਘ, ਜਗਦੀਪ ਸਿੰਘ ਅਤੇ ਆਸ਼ਾ ਵਰਕਰ ਮੌਜੂਦ ਸਨ।

# ਬਲਾਚੌਰ ਦੇ ਮੈਕਡੋਨਲਡ ਹੋਟਲ ਦੇ ਸਾਹਮਣੇ ਸਕੂਟਰ ਚਾਲਕ ਨੂੰ ਨਾ-ਮਾਲੂਮ ਬਸ ਨੇ ਮਾਰੀ ਟੱਕਰ

**• ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ**

ਨਵਾਂ ਸ਼ਹਿਰ-ਰੋਪੜ ਮੁੱਖ ਮਾਰਗ ਤੇ ਸਥਿਤ ਮੈਕਡੋਨਲਡ ਹੋਟਲ ਦੇ ਸਾਹਮਣੇ ਸਕੂਟਰ ਚਾਲਕ ਨੂੰ ਨਾ- ਮਾਲੂਮ ਬਸ ਨੇ ਮਾਰੀ ਟੱਕਰ ਨਾਲ ਵਿਅਕਤੀ ਸੜਕ ਤੇ ਡਿੱਗ ਪਿਆ ,ਸੜਕ ਤੇ ਡਿੱਗ ਪਏ ਵਿਅਕਤੀ ਦੇ ਉਪਰ ਤੋਂ ਬਸ ਲੰਘ ਗਈ ਜਿਸ ਵਿੱਚ ਵਿਅਕਤੀ ਦੀ ਮੌਕੇ ਤੇ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸਿਟੀ ਥਾਣਾ ਬਲਾਚੌਰ ਦੇ ਐਸ ਐਚ ਓ ਸੁਰਿੰਦਰ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਦੇਰ ਸ਼ਾਮ ਲਗਭਗ ਸਾਢੇ ਸੱਤ ਵਜੇ ਸਾਨੂੰ ਇੱਕ ਫੋਨ ਆਇਆ ਕਿ ਨਵਾਂ ਸ਼ਹਿਰ-ਰੋਪੜ ਮੁੱਖ ਮਾਰਗ ਤੇ ਸੜਕ ਹਾਦਸਾ ਹੋਇਆ ਹੈ ਜਿਸ ਵਿੱਚ ਸਕੂਟਰ ਚਾਲਕ ਦੀ ਮੌਕੇ ਤੇ ਮੌਤ ਹੋ ਗਈ ਹੈ। ਜਦੋਂ ਪੁਲਿਸ ਪਾਰਟੀ ਮੌਕੇ ਤੇ ਪੁੱਜ ਕੇ ਦੇਖਿਆ ਤਾਂ ਸਕੂਟਰ ਚਾਲਕ ਦੀ ਮ੍ਰਿਤਕ ਦੇਹ ਉੱਥੇ ਪਈ ਸੀ, ਜਿਸ ਤੋ ਬਾਅਦ ਉਥੇ ਪਤਾ ਕੀਤਾ ਗਿਆ ਤਾਂ ਪਤਾ ਲੱਗਿਆ ਕੀ ਨਾਮਾਲੂਮ ਬਸ ਨੇ ਇਸ ਸਕੂਟਰ ਚਾਲਕ ਨੂੰ ਟੱਕਰ ਮਾਰੀ ਹੈ ਅਤੇ ਬੱਸ ਇਸ ਵਿਅਕਤੀ ਦੇ ਉੱਪਰੋਂ ਲੰਘ ਗਈ, ਜਿਸ ਵਿੱਚ ਇਸ ਵਿਅਕਤੀ ਦੀ ਮੌਤ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦੇਵ ਸਿੰਘ ਪੁੱਤਰ ਨਾਮਾ ਰਾਮ ਵਾਸੀ ਪਿੰਡ ਕੰਗਨਾ ਬੇਟ ਜੋ ਪਿੰਡ ਬੀਰੋਵਾਲ ਗੁਰਦੁਆਰਾ ਸਾਹਿਬ ਵਿੱਚ ਪਾਠ ਕਰਨ ਉਪਰੰਤ ਆਪਣੇ ਘਰ ਨੂੰ ਸਕੂਟਰ ਨੰਬਰ ਪੀ ਬੀ -32-ਡੀ-6693 ਤੇ ਆ ਰਿਹਾ ਸੀ ਜਿਸ ਵੇਲੇ ਉਹ ਬੀਤੀ ਸ਼ਾਮ ਪਿੰਡ ਬੀਰੋਵਾਲ ਤੋਂ ਆਪਣੇ ਪਿੰਡ ਕੰਗਨਾ ਬੇਟ ਨੂੰ ਆ ਰਿਹਾ ਸੀ ਤਾਂ ਉਕਤ ਸਥਾਨ ਤੇ ਕਿਸੇ ਨਾਮ ਮਾਲੂਮ ਬਸ ਨੇ ਉਸ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਉਸ ਦੀ ਮੌਕੇ ਤੇ ਮੌਤ ਹੋ ਗਈ। ਵਿਅਕਤੀ ਦੀ ਮ੍ਰਿਤਕ ਦੇਹ ਨੂੰ ਪੁਲਿਸ ਨੇ ਕਬਜੇ ਵਿਚ ਲੈ ਕੇ ਬਲਾਚੌਰ ਦੇ ਸਰਕਾਰੀ ਹਸਪਤਾਲ ਦੀ ਮੋਰਚਰੀ ਵਿੱਚ ਰਖਵਾ ਦਿੱਤਾ ਗਿਆ ਹੈ। ਮ੍ਰਿਤਕ ਦੇਹ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਮ੍ਰਿਤਕ ਦੇਹ ਪਰਿਵਾਰਕ ਮੈਂਬਰਾਂ ਹਵਾਲੇ ਕਰ ਦਿੱਤੀ ਜਾਵੇਗੀ। ਉਹਨਾਂ ਨੇ ਆਖਿਆ ਕਿ ਜਿਸ ਬਸ ਨੇ ਇਸ ਵਿਅਕਤੀ ਨੂੰ ਟੱਕਰ ਮਾਰੀ ਹੈ ਉਨ੍ਹਾਂ ਦੇ ਨਜ਼ਦੀਕ ਲੱਗੇ ਸੀਸੀਟੀਵੀ ਕੈਮਰੇ ਵੇਖਣ ਉਪਰੰਤ ਤਲਾਸ਼ ਕੀਤੀ ਜਾ ਰਹੀ ਹੈ।ਬਾਕੀ ਪਰਿਵਾਰਕ ਮੈਂਬਰ ਦੇ ਬਿਆਨਾਂ ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।



# ਸਾਉਣ ਅਸ਼ਟਮੀ ਮੇਲੇ ਦੌਰਾਨ ਲਗਾਏ ਲੰਗਰ ਵਿੱਚ ਬਾਬਾ ਬਾਲ ਜੀ ਮਹਾਰਾਜ ਨੇ ਕੀਤੀ ਸਿਰਕਤ

**• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**

ਸਾਉਣ ਅਸ਼ਟਮੀ ਮੇਲੇ ਦੌਰਾਨ ਪਿੰਡ ਝਿੰਜੜੀ ਦੇ ਨਹਿਰਾਂ ਕੰਢੇ ਸਾਬਕਾ ਸਰਪੰਚ ਰਮਨ ਕੁਮਾਰ ਰੰਮੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਲਗਾਏ ਜਾਂਦੇ 13ਵੇਂ ਸਲਾਨਾਂ ਲੰਗਰ ਵਿੱਚ ਕੌਮੀ ਸੰਤ ਬਾਬਾ ਬਾਲ ਜੀ ਮਹਾਰਾਜ ਨੇ ਵਿਸੇ?ਸ਼ ਤੌਰ ਤੇ ਸਿ?ਰਕਤ ਕੀਤੀ।ਉਹਨਾ ਸੈਂਕੜੇ ਦੀ ਗਿਣਤੀ ਵਿੱਚ ਹਾਜਰ ਸੰਗਤਾਂ ਨੂੰ ਸਤਸੰਗ ਨਾਲ ਨਿਹਾਲ ਕੀਤਾ ਤੇ ਕਿਹਾ ਕਿ ਲੋੜਬੰਦਾਂ ਦੀ ਮਦਦ ਨਾਲ ਹੀ ਭਗਵਾਨ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।ਇਸ ਲਈ ਹਰੇਕ ਵਿਅਕਤੀ ਆਪਣੀ ਕਿਰਤ ਕਮਾਈ ਵਿੱਚੋਂ ਲੋੜਬੰਦਾਂ ਦੀ ਮਦਦ ਜਰੂਰ ਕਰੇ। ਤਾਂਹੀ ਇਸ ਸੰਸਾਰ ਦਾ ਕਲਿਆਣ ਹੋ ਸਕਦਾ ਹੈ। ਇਸ ਤੋਂ ਪਹਿਲਾਂ ਸਾਬਕਾ ਸਰਪੰਚ ਰਮਨ ਕੁਮਾਰ ਰੰਮੀ ਵਲੋਂ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਸਾਬਕਾ ਸਰਪੰਚ ਪਰਮਜੀਤ ਸਿੰਘ ਬੱਢਲ, ਮਨੀਸ਼ ਕੁਮਾਰ, ਸੁ?ਰਿੰਦਰਪਾਲ, ਰਾਜੂ ਬਾਬਾ, ਵੈਦ ਸੰਜੀਵ ਸ਼ਰਮਾ, ਵਿਕਰਮ ਫੌਜੀ, ਕਮਲ ਸਿੰਘ, ਬਲਵਿੰਦਰ ਸਿੰਘ ਫੌਜੀ, ✚ਸਿ?ਾਲ ਕੁਮਾਰ, ਕਰਨ ਕੁਮਾਰ, ਕੈਪ: ਰਣਵੀਰ ਸਿੰਘ, ਸਿ?ਵ ਕੁਮਾਰ, ਪਵਨ ਕੁਮਾਰ, ਨਰੇਸ਼ ਕੁਮਾਰ, ਪਰਮਿਲਾ ਦੇਵੀ, ਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜਰ ਸਨ।





# "ਖੇਡਾਂ ਵਤਨ ਪੰਜਾਬ ਦੀਆਂ" ਦਾ ਮਸ਼ਾਲ ਮਾਰਚ ਗੁਰਦਾਸਪੁਰ ਵਿਖੇ ਪਹੁੰਚਿਆ

## ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਚੇਅਰਮੈਨ ਰਮਨ ਬਹਿਲ ਅਤੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਸਮੇਤ ਸ਼ਹਿਰ ਵਾਸੀਆਂ ਵੱਲੋਂ ਮਸ਼ਾਲ ਯਾਤਰਾ ਦਾ ਭਰਵਾਂ ਸਵਾਗਤ

• ਗੁਰਦਾਸਪੁਰ-ਨਵਨੀਤ ਕੁਮਾਰ



ਸਿਹਤਮੰਦ ਤੇ ਰੰਗਲੇ ਪੰਜਾਬ ਦੀ ਸਿਰਜਣਾ ਅਤੇ ਸੂਬੇ ਨੂੰ ਖੇਡਾਂ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦੇ ਮੰਤਵ ਲਈ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਤੇ ਖੇਡ ਮੰਤਰੀ ਸ. ਗੁਰਮੀਤ ਸਿੰਘ ਮੀਤ ਹੇਅਰ ਦੀ ਅਗਵਾਈ ਵਿੱਚ ਸ਼ੁਰੂ ਕੀਤੀਆਂ ਗਈਆਂ "ਖੇਡਾਂ ਵਤਨ ਪੰਜਾਬ ਦੀਆਂ"ਸੀਜ਼ਨ-2 ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੱਢੇ ਜਾ ਰਹੇ ਮਸ਼ਾਲ ਮਾਰਚ ਦਾ ਅੱਜ ਗੁਰਦਾਸਪੁਰ ਪਹੁੰਚਣ ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ, ਸ੍ਰੀ ਸ਼ਮਸ਼ੇਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਸ. ਸਿਮਰਨਜੀਤ ਸਿੰਘ ਤੋਂ ਇਲਾਵਾ ਕੋਚ ਸਾਹਿਬਾਨ ਅਤੇ ਖਿਡਾਰੀ ਵੀ ਹਾਜ਼ਰ ਸਨ। ਮਸ਼ਾਲ ਮਾਰਚ ਵਿੱਚ ਹਿੱਸਾ ਲੈ ਰਹੇ ਸਮੂਹ ਖੇਡ ਪ੍ਰੇਮੀਆਂ, ਖਿਡਾਰੀਆਂ ਅਤੇ ਕੋਚਾਂ ਦਾ ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿਖੇ ਸਵਾਗਤ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਹ ਮਸ਼ਾਲ ਮਾਰਚ ਨੌਜਵਾਨਾਂ ਨੂੰ ਖੇਡਾਂ ਵਤਨ ਪੰਜਾਬ ਦੀਆਂ ਨਾਲ ਜੋੜਨ ਵਿੱਚ ਸਫਲ ਹੋਵੇਗਾ।

ਉਹਨਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਤੱਕ ਖੇਡਾਂ ਕਰਵਾਈਆਂ ਜਾਣਗੀਆਂ ਅਤੇ ਖਿਡਾਰੀਆਂ ਨੂੰ ਨਕਦ ਇਨਾਮ ਵੀ ਦਿੱਤੇ ਜਾਣਗੇ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਖਿਡਾਰੀਆਂ ਨੂੰ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਲਈ ਆਪਣਾ ਨਾਮ ਖੇਡ ਵਿਭਾਗ ਦੀ ਵੈਬਸਾਈਟ (www.khedanwatanpunjabdia.com) ਉੱਪਰ ਆਨਲਾਈਨ ਰਜਿਸਟਰਡ ਕਰਨ ਦੀ ਅਪੀਲ ਕੀਤੀ ਉਨ੍ਹਾਂ ਦੱਸਿਆ ਕਿ "ਖੇਡਾਂ ਵਤਨ ਪੰਜਾਬ ਦੀਆਂ" ਦੇ ਤਹਿਤ ਕੱਢੇ ਜਾ ਰਹੇ ਮਸ਼ਾਲ ਮਾਰਚ ਦੀ ਸ਼ੁਰੂਆਤ 22 ਅਗਸਤ ਨੂੰ ਜ਼ਿਲ੍ਹਾ ਲੁਧਿਆਣਾ ਤੋਂ ਹੋਈ ਹੈ ਅਤੇ ਇਹ ਮਸ਼ਾਲ ਪੂਰੇ ਪੰਜਾਬ ਵਿੱਚ ਮਾਰਚ ਕਰਨ ਤੋਂ ਬਾਅਦ ਬਠਿੰਡਾ ਵਿਖੇ 29 ਅਗਸਤ ਨੂੰ ਪਹੁੰਚੇਗੀ, ਜਿੱਥੇ ਖੇਡਾਂ ਦੇ ਦੂਜੇ ਸੀਜ਼ਨ ਦਾ ਉਦਘਾਟਨ ਹੋਵੇਗਾ। ਇਸ ਮੌਕੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪਿਛਲੇ ਸਾਲ ਤੋਂ ਸ਼ੁਰੂ ਕੀਤੀਆਂ 'ਖੇਡਾਂ ਵਤਨ ਪੰਜਾਬ ਦੀਆਂ' ਸੂਬੇ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੀ ਜਵਾਨੀ ਖੇਡਾਂ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹੇਗੀ ਅਤੇ ਪੰਜਾਬ ਇੱਕ ਵਾਰ ਫਿਰ ਹੱਸਦਾ-ਵੱਸਦਾ, ਖੇਡਦਾ ਤੇ ਰੰਗਲਾ ਪੰਜਾਬ ਬਣ ਸਕੇਗਾ। ਉਨ੍ਹਾਂ ਮਾਨ ਸਰਕਾਰ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਮਸ਼ਾਲ ਯਾਤਰਾ ਦਾ ਸਵਾਗਤ ਕਰਦਿਆਂ ਕਿਹਾ ਕਿ ਰਾਜ ਸਰਕਾਰ ਦਾ ਖੇਡਾਂ ਵਤਨ ਪੰਜਾਬ ਦੀਆਂ ਨੇ ਸੂਬੇ ਵਿੱਚ ਇੱਕ ਵਾਰ ਫਿਰ ਖੇਡਾਂ ਦਾ ਮਹੌਲ ਸਿਰਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਖੇਡਾਂ ਵਿੱਚ ਬਹੁਤ ਕਾਬਲੀਅਤ ਰੱਖਦੇ ਹਨ ਬੱਸ ਉਨ੍ਹਾਂ ਨੂੰ ਸਹੀ ਪਲੇਟਫਾਰਮ ਦੀ ਲੋੜ ਸੀ ਜੋ ਮਾਨ ਸਰਕਾਰ ਨੇ 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਮਹੁੱਈਆ ਕਰਵਾਇਆ ਹੈ।

ਉਨ੍ਹਾਂ ਕਿਹਾ ਕਿ ਇਹ ਖੇਡਾਂ ਸੂਬੇ ਵਿੱਚ ਖਿਡਾਰੀਆਂ ਦੀ ਨਵੀਂ ਪਨੀਰੀ ਤਿਆਰ ਕਰਨਗੀਆਂ ਜੋ ਅੱਗੇ ਜਾ ਕੇ ਉਲੰਪਿਕਸ ਤੱਕ ਆਪਣੇ ਸੂਬੇ ਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ। ਇਸ ਉਪਰੰਤ ਮਸ਼ਾਲ ਮਾਰਚ ਨੂੰ ਪਠਾਨਕੋਟ ਵੱਲ ਰਵਾਨਾ ਕੀਤਾ ਗਿਆ ਜਿਥੋਂ ਉਹ 24 ਅਗਸਤ ਸ਼ਾਮ ਨੂੰ ਹੁਸ਼ਿਆਰਪੁਰ, 25 ਅਗਸਤ ਨੂੰ ਜਲੰਧਰ ਤੇ ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ ਤੇ ਰੂਪਨਗਰ, 26 ਅਗਸਤ ਨੂੰ ਐਸ.ਏ.ਐਸ.ਨਗਰ, ਫਤਹਿਗੜ੍ਹ ਸਾਹਿਬ ਤੇ ਮਾਲੇਰਕੋਟਲਾ, 27 ਅਗਸਤ ਨੂੰ ਪਟਿਆਲਾ, ਸੰਗਰੂਰ ਤੇ ਮਾਨਸਾ, 28 ਅਗਸਤ ਨੂੰ ਬਰਨਾਲਾ, ਫਰੀਦਕੋਟ ਤੇ ਫਾਜ਼ਿਲਕਾ ਅਤੇ 29 ਅਗਸਤ ਨੂੰ ਸ੍ਰੀ ਮੁਕਤਸਰ ਸਾਹਿਬ ਤੇ ਬਠਿੰਡਾ ਵਿਖੇ ਮਸ਼ਾਲ ਮਾਰਚ ਪਹੁੰਚੇਗੀ।

### ਹਿੰਦੀ ਮਿੰਨੀ ਕਹਾਣੀ

# ਹਿੱਸੇਦਾਰ

ਮੈਮ, ਤੁਸੀਂ ਨਹੀਂ ਗਏ ਮੈਡੀਕਲ ਕਾਲਜ... ਗੀਤਾ ਮੈਮ ਨੂੰ ਵੇਖਣ, ਸਾਰੀਆਂ ਟੀਚਰਜ਼ ਗਈਆਂ ਹਨ ਅੱਜ। ਜੂਨੀਅਰ ਟੀਚਰ ਸ਼ੈਲੀ ਨੇ ਪ੍ਰਿੰਸੀਪਲ ਨੂੰ ਪੁੱਛਿਆ।

ਓ ਬਈ, ਇਸ ਵਿੱਚ ਵੇਖਣ ਵਾਲੀ ਕੀ ਗੱਲ ਹੈ?

ਕਿਉਂ ਮੈਮ, ਸਾਰੇ ਲੋਕ ਤਾਂ ਬੀਮਾਰ ਨੂੰ ਵੇਖਣ ਹਸਪਤਾਲ ਜਾਂਦੇ ਹਨ। ਬਸ ਇੱਕ ਤੁਸੀਂ ਹੀ ਹੋ, ਜੋ ਕਹਿ ਰਹੇ ਹੋ ਕਿ ਵੇਖਣ ਕੀ ਜਾਣਾ ਹੈ? ਮੈਨੂੰ ਤਾਂ ਤੁਹਾਡੀ ਗੱਲ ਦੀ ਸਮਝ ਨਹੀਂ ਆਈ ਆਖਰ ਸੰਬੰਧ ਦਾ ਕੀ ਮਤਲਬ ਹੈ? ਅਤੇ ਫਿਰ ਉਹ ਤੁਹਾਡੇ ਸਕੂਲ ਦੀ ਇੰਨੀ ਪੁਰਾਣੀ ਤੇ ਤੁਹਾਡੀ ਚਹੇਤੀ ਟੀਚਰ ਵੀ ਹੈ! ਵੇਖ ਸ਼ੈਲੀ, ਇਸੇ ਲਈ ਤਾਂ ਨਹੀਂ ਜਾ ਰਹੀ ਕਿ ਉਹ ਮੇਰੀ ਅਜ਼ੀਜ਼, ਚਹੇਤੀ ਟੀਚਰ ਹੈ, ਉਹਨੂੰ ਵੇਖਣ ਕੀ ਜਾਣਾ ਹੈ... ਮੈਂ ਤਾਂ ਉਹਦੇ ਲਈ ਖਾਸ ਤੌਰ ਤੇ ਛੁੱਟੀ ਲਵਾਂਗੀ ਪੂਰੇ ਦਸ ਦਿਨਾਂ ਦੀ, ਬੈਂਕ 'ਚੋਂ ਕੁਝ ਪੈਸੇ ਕਢਵਾਵਾਂਗੀ, ਉਹਦੇ ਵਾਸਤੇ ਕੁਝ ਤਿਆਰ ਕਰਾਂਗੀ ਆਪਣੇ ਹੱਥੀਂ, ਫਿਰ ਜਾਵਾਂਗੀ ਉਸ ਕੋਲ। ਵੇਖਣ ਨਹੀਂ, ਉਹਦੀ ਸੇਵਾ ਕਰਨ। ਖੁਆ-ਪਿਆ ਕੇ ਸਿਹਤਮੰਦ ਕਰਨ ਅਤੇ ਤੈਨੂੰ ਤਾਂ ਪਤਾ ਹੀ ਹੈ ਕਿ ਉਸ ਵਿਚਾਰੀ ਦੇ ਕੋਈ ਕਮਾਉਣ ਵਾਲਾ ਨਹੀਂ ਹੈ। ਵਾਪਸ ਮੁੜਨ ਤੋਂ ਪਹਿਲਾਂ ਕੁਝ ਰੁਪਏ ਵੀ ਉਹਦੇ ਹੱਥ ਤੇ ਰੱਖ ਕੇ ਆਵਾਂਗੀ।... ਸਾਨੂੰ ਕਿਸੇ ਦੇ ਦੁਖ ਵਿੱਚ ਸਿਰਫ ਖ਼ਾਨਾਪੂਰਤੀ ਦੀ ਥਾਂ ਤੇ ਤਨ, ਮਨ ਅਤੇ ਧਨ ਨਾਲ ਦਰਦ ਦਾ 'ਹਿੱਸੇਦਾਰ' ਬਣਨਾ ਚਾਹੀਦਾ ਹੈ।





* ਮੂਲ : ਜਿਗਿਆਸਾ ਸਿੰਘ
* ਅਨੁ : ਪ੍ਰੋ. ਨਵ ਸੰਗੀਤ ਸਿੰਘ

# ਪੀ ਐਚ ਸੀ ਬਹਿਰਾਮਪੁਰ ਅਧੀਂਨ ਆਉਂਦੇ ਦਰਜਨਾਂ ਪਿੰਡਾਂ ਵਿੱਚ ਫੋਗਿੰਗ ਸਪਰੇਅ ਕੀਤੀ



• ਦੋਰਾਂਗਲਾ,ਰਾਕੇਸ਼ ਜੀਵਨ ਚੱਕ

ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾ ਅਤੇ ਐਸ ਐਮ ਓ ਡਾ ਬਰਿਜੇਸ਼ ਸਿੰਘ ਪੀ ਐਚ ਸੀ ਬਹਿਰਾਮਪੁਰ ਦੇ ਹੁਕਮਾਂ ਤਹਿਤ ਅੱਜ ਰਾਵੀ ਦਰਿਆ ਨਾਲ ਲਗਦੇ ਦਰਜਨਾਂ ਪਿੰਡਾਂ ਦੇ ਸਰਪੰਚਾਂ ਦੀ ਸਹਿਮਤੀ ਤੇ ਸਿਹਤ ਵਿਭਾਗ ਦੀ ਟੀਮ ਵਲੋਂ ਫੋਗਿੰਗ ਸਪਰੇਅ ਕਰਵਾਈ ਗਈ । ਇਸ ਸਮੇਂ ਹੈਲਥ ਇੰਸਪੈਕਟ ਸੁਖਵਿੰਦਰ ਸਿੰਘ ,ਹੈਲਥ ਇੰਸਪੈਕਟਰ ਸੁਖਦੇਵ ਸਿੰਘ,ਐਲਥ ਵਰਕਰ ਆਲਮਵੀਰ ਸਿੰਘ,ਹੈਲਥ ਵਰਕਰ ਨਰਿੰਦਰ ਵਲੋਂ ਦੱਸਿਆ ਕਿ ਸਰਹੱਦੀ ਇਲਾਕੇ ਦੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਅੱਜ ਪਿੰਡ ਗਾਹਲੜੀ, ਕਾਂਹਨਾ,ਜੈਨਪੁਰ, ਤਾਜਪੁਰ,ਓਗਰਾ,ਹਸਨਪੁਰ,ਸੰਦਲਪੁਰ ਆਦਿ ਪਿੰਡ ਵਿੱਚ ਫੋਗਿੰਗ ਸਪਰੇਅ ਕੀਤੀ ਗਈ ਹੈ ।ਜਿਸ ਨਾਲ ਡੇਂਗੂ ਮੱਛਰ ਦਾ ਖਾਤਮਾ ਹੁੰਦਾ ਹੈ ,ਇਸ ਤੋਂ ਇਲਾਵਾ ਹੋਰ ਵੀ ਜਹਰੀਲੇ ਜੀਵ ਜੋ ਕਿ ਸਿਹਤ ਨੂੰ ਨੁਕਸਾਨ ਦਿੰਦੇ ਹਨ ,ਉਹਨਾ ਦਾ ਵੀ ਸਫਾਇਆ ਹੋ ਜਾਂਦਾ ਹੈ ।ਸਿਹਤ ਵਿਭਾਗ ਦੀ ਸਪੈਸਲ ਮੈਡੀਕਲ ਟੀਮ ਵਲੋਂ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਦਿਨ ਰਾਤ ਹਾਜ਼ਰ ਹਨ ।

# ਪਿੰਡ ਜਗਤਪੁਰ-ਟਾਂਡਾ ਨੇੜੇ ਧੁੱਸੀ ਬੰਨ ਦੇ ਮੁੜ ਟੁੱਟ ਜਾਣ ਦੇ ਖਦਸ਼ੇ ਦੀ ਅਫ਼ਵਾਹ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਸਿਰੇ ਤੋਂ ਖਾਰਜ ਕੀਤਾ

- ਧੁੱਸੀ ਬੰਨ ਪੂਰੀ ਤਰ੍ਹਾਂ ਮਜ਼ਬੂਤ ਅਤੇ ਸੁਰੱਖਿਅਤ, ਅਫ਼ਵਾਹਾਂ ਤੇ ਯਕੀਨ ਨਾ ਕੀਤਾ ਜਾਵੇ
- ਝੂਠੀਆਂ ਅਫ਼ਵਾਹਾਂ ਫੈਲਾਉਣ ਵਾਲੇ ਵਿਅਕਤੀਆਂ ਖਿਲਾਫ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ - ਡਿਪਟੀ ਕਮਿਸ਼ਨਰ



• ਗੁਰਦਾਸਪੁਰ-ਨਵਨੀਤ ਕੁਮਾਰ

ਪਿੰਡ ਜਗਤਪੁਰ-ਟਾਂਡਾ ਨੇੜੇ ਬੀਤੇ ਦਿਨੀ ਪੂਰੇ ਗਏ ਧੁੱਸੀ ਬੰਨ ਦੇ ਕਮਜ਼ੋਰ ਹੋਣ ਅਤੇ ਮੁੜ ਟੁੱਟ ਜਾਣ ਦੇ ਖਦਸ਼ੇ ਦੀ ਅਫ਼ਵਾਹ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਸਿਰੇ ਤੋਂ ਖਾਰਜ ਕੀਤਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅਜਿਹੀਆਂ ਅਫ਼ਵਾਹਾਂ ਨੂੰ ਨਕਾਰਦੇ ਹੋਏ ਕਿਹਾ ਹੈ ਕਿ ਜਗਤਪੁਰਾ-ਟਾਂਡਾ ਨੇੜੇ ਭਰਿਆ ਗਿਆ ਧੁੱਸੀ ਦਾ ਬੰਨ ਪੂਰੀ ਤਰ੍ਹਾਂ ਮਜ਼ਬੂਤ ਅਤੇ ਸੁਰੱਖਿਅਤ ਹੈ ਅਤੇ ਇਸਦੇ ਟੁੱਟਣ ਦਾ ਕੋਈ ਖ਼ਤਰਾ ਨਹੀਂ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਬੰਨ ਨੂੰ ਹੋਰ ਚੌੜਿਆਂ ਅਤੇ ਮਜ਼ਬੂਤ ਕਰਨ ਦਾ ਕੰਮ ਵੀ ਦਿਨ-ਰਾਤ ਲਗਾਤਾਰ ਜਾਰੀ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅਫ਼ਵਾਹਾਂ ਜਾਂ ਝੂਠੀਆਂ ਖ਼ਬਰਾਂ ਵਿੱਚ ਬਿਲਕੁਲ ਯਕੀਨ ਨਾ ਕਰਨ ਕਿਉਂਕਿ ਬੰਨ ਟੁੱਟਣ ਦੀ ਗੱਲ ਵਿੱਚ ਕੋਈ ਵੀ ਸਚਾਈ ਨਹੀਂ ਹੈ। ਗਲਤ ਅਫ਼ਵਾਹਾਂ ਫੈਲਾਉਣ ਵਾਲੇ ਅਨਸਰਾਂ ਨੂੰ ਸਖਤ ਤਾੜਨਾ ਕਰਦੇ ਹੋਏ ਉਨ੍ਹਾਂ ਕਿਹਾ ਹੈ ਕਿ ਜਿਹੜੇ ਵੀ ਲੋਕ ਅਜਿਹੀਆਂ ਅਫ਼ਵਾਹਾਂ ਫੈਲਾਅ ਕੇ ਲੋਕਾਂ ਵਿੱਚ ਡਰ ਅਤੇ ਸਹਿਮ ਦਾ ਮਹੌਲ ਪੈਦਾ ਕਰ ਰਹੇ ਹਨ, ਉਨ੍ਹਾਂ ਖਿਲਾਫ਼ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਜ਼ਾਸਟਰ ਮੈਨੇਜਮੈਂਟ ਐਕਟ ਤਹਿਤ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਭਵਿੱਖ ਵਿੱਚ ਡੈਮਾਂ ਵਿਚੋਂ ਵੀ ਪਾਣੀ ਛੱਡਣਾ ਵੀ ਹੋਵੇਗਾ ਤਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਇਸਦੀ ਅਗਾਊਂ ਸੂਚਨਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਫਿਲਹਾਲ ਡੈਮਾਂ ਵਿੱਚ ਪਾਣੀ ਦਾ ਪੱਧਰ ਵੀ ਬਿਲਕੁਲ ਠੀਕ ਹੈ ਅਤੇ ਦਰਿਆਵਾਂ ਵਿੱਚ ਵੀ ਪਾਣੀ ਕੰਟਰੋਲ ਹੇਠ ਆ ਰਿਹਾ ਹੈ। ਇਸ ਲਈ ਕਿਸੇ ਨੂੰ ਵੀ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਸਬੰਧੀ ਕਿਸੇ ਵੀ ਸੂਚਨਾ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਜਾਂ ਪੰਜਾਬ ਸਰਕਾਰ ਦੀ ਅਧਿਕਾਰਤ ਸੂਚਨਾ ਉੱਪਰ ਹੀ ਯਕੀਨ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਕਿਹਾ ਹੈ ਕਿ ਕਿਸੇ ਵੀ ਜਾਣਕਾਰੀ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਨੰਬਰ 1800-180-1852 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸਦੇ ਨਾਲ ਹੀ ਮੀਡੀਆ ਨੂੰ ਵੀ ਸਲਾਹ ਦਿੱਤੀ ਹੈ ਕਿ ਉਹ ਕੋਈ ਵੀ ਅਜਿਹੀ ਖ਼ਬਰ ਨਸ਼ਰ ਕਰਨ ਤੋਂ ਪਹਿਲਾਂ ਸਬੰਧਤ ਵਿਭਾਗ ਜਾਂ ਜ਼ਿਲ੍ਹਾ ਪ੍ਰਸ਼ਾਸਨ ਦਾ ਪੱਖ ਜਰੂਰ ਜਾਣ ਲੈਣ ਅਤੇ ਉਸਤੋਂ ਬਾਅਦ ਕੇਵਲ ਸਹੀ ਤੱਥਾਂ ਨਾਲ ਹੀ ਖ਼ਬਰ ਨੂੰ ਨਸ਼ਰ ਕੀਤਾ ਜਾਵੇ।

# ਜ਼ਿਲ੍ਹੇ 'ਚ ਸਫਾਈ ਸੇਵਕਾਂ ਦੀ ਸੁਰੱਖਿਆ ਲਈ ਨਿਰਧਾਰਿਤ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਆਦੇਸ਼

## ਸਫਾਈ ਸੇਵਕਾਂ ਨੂੰ ਨਿਰਧਾਰਿਤ ਸੁਰੱਖਿਆ ਕਿੱਟ ਪਾਏ ਬਗੈਰ ਸਫਾਈ ਗਤੀਵਿਧੀਆਂ ਨਾ ਕਰਨ ਦੀ ਅਪੀਲ



**• ਸੰਗਰੂਰ/ਕੁਲਵਿੰਦਰ ਸਿੰਘ ਧੀਮਾਨ**

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਸਮੂਹ ਕਾਰਜਸਾਧਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਸੀਵਰੇਜ ਦੀ ਸਫਾਈ ਪ੍ਰਕਿਰਿਆ ਦੌਰਾਨ ਸਫ਼ਾਈ ਕਾਮਿਆਂ ਵੱਲੋਂ ਲਾਜ਼ਮੀ ਤੌਰ 'ਤੇ ਸਮੁੱਚੇ ਸੁਰੱਖਿਆ ਮਾਪਦੰਡਾਂ ਨੂੰ ਅਮਲ ਵਿੱਚ ਲਿਆਉਣਾ ਯਕੀਨੀ ਬਣਾਇਆ ਜਾਵੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਸੀਵਰੇਜ ਬੋਰਡ ਅਤੇ ਪ੍ਰਾਈਵੇਟ ਠੇਕੇਦਾਰ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਕੋਈ ਵੀ ਸਫਾਈ ਕਰਮੀ ਸੁਰੱਖਿਆ ਲਈ ਨਿਰਧਾਰਿਤ ਸੁਰੱਖਿਆ ਕਿੱਟ ਪਾਏ ਬਗੈਰ ਸਫਾਈ ਗਤੀਵਿਧੀਆਂ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਚਿਰਾਂ ਤੋਂ ਬੰਦ ਪਏ ਸੀਵਰੇਜ ਵਿੱਚੋਂ ਜ਼ਹਿਰੀਲੀ ਗੈਸ ਚੜ੍ਹਨ ਦੀਆਂ ਦੁਖਾਂਤਕ ਘਟਨਾਵਾਂ ਵਾਪਰਨ ਕਾਰਨ ਮਨੁੱਖੀ ਸਿਹਤ ਖ਼ਤਰੇ ਵਿੱਚ ਪੈ ਜਾਂਦੀ ਹੈ ਅਤੇ ਕਈ ਵਾਰ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ ਅਤੇ ਅਜਿਹੇ ਮਾੜੇ ਵਰਤਾਰੇ ਨੂੰ ਰੋਕਣ ਲਈ ਫੌਰੀ ਢੁਕਵੇਂ ਕਦਮ ਪੁੱਟੇ ਜਾਣ ਦੀ ਲੋੜ ਹੈ। ਉਨ੍ਹਾਂ ਹਦਾਇਤ ਕੀਤੀ ਕਿ ਸਮੂਹ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਇਹ ਜ਼ਰੂਰੀ ਕਿੱਟਾਂ, ਦਸਤਾਨੇ ਤੇ ਹੋਰ ਸਹਾਇਕ ਸਮੱਗਰੀ ਹਰ ਸਮੇਂ ਉਪਲਬਧ ਰੱਖੀ ਜਾਵੇ ਤਾਂ ਜੋ ਸ਼ਹਿਰੀ ਖੇਤਰ ਵਿੱਚ ਸਬੰਧਤ ਸਫਾਈ ਕਰਮੀ ਨੂੰ ਮੁਹੱਈਆ ਕਰਵਾਈ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਜਦੋਂ ਵੀ ਕਿਸੇ ਨਾਗਰਿਕ ਵੱਲੋਂ ਸਰਕਾਰੀ ਜਾਂ ਪ੍ਰਾਈਵੇਟ ਠੇਕੇਦਾਰ ਕੋਲ ਸੀਵਰੇਜ ਵਿਵਸਥਾ ਵਿੱਚ ਨੁਕਸ ਪੈਣ ਦੀ ਸੂਰਤ ਵਿੱਚ ਸਫਾਈ ਕਰਵਾਉਣ ਦੀ ਸ਼ਿਕਾਇਤ ਜਾਂ ਸੂਚਨਾ ਦਰਜ ਕਰਵਾਈ ਜਾਂਦੀ ਹੈ ਤਾਂ ਸਬੰਧਤ ਠੇਕੇਦਾਰ ਜਾਂ ਵਿਭਾਗੀ ਅਧਿਕਾਰੀ ਇਸ ਸ਼ਿਕਾਇਤ ਦਾ ਇੰਦਰਾਜ ਰਜਿਸਟਰ ਵਿੱਚ ਕਰਨਾ ਯਕੀਨੀ ਬਣਾਉਣਗੇ ਅਤੇ ਕਿੱਟ ਪ੍ਰਾਪਤ ਕਰਨ ਦੇ ਸਮੇਂ ਤੇ ਮਿਤੀ ਦਾ ਇੰਦਰਾਜ ਵੀ ਕਰਨਗੇ। ਇਸ ਤੋਂ ਇਲਾਵਾ ਕਿੱਟ ਮੁਹੱਈਆ ਕਰਵਾਉਣ ਅਤੇ ਵਾਪਸ ਜਮ?ਹਾਂ ਕਰਵਾਉਣ ਦੀ ਸਮੁੱਚੀ ਪ੍ਰਕਿਰਿਆ ਨੂੰ ਸੀ.ਸੀ.ਟੀ.ਵੀ ਅਧੀਨ ਕਵਰ ਕੀਤਾ ਜਾਵੇ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਸਫਾਈ ਸੇਵਕ ਕਿਸੇ ਵੀ ਨਾਗਰਿਕ ਦੀ ਸ਼ਿਕਾਇਤ ਜਾਂ ਸੂਚਨਾ ਆਪਣੇ ਪੱਧਰ 'ਤੇ ਮਾਮਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਨਾ ਕਰਨ ਕਿਉਂਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਕਾਰਨ ਇਹ ਹਾਈ ਰਿਸਕ ਮਾਮਲਾ ਸਾਬਤ ਹੋ ਸਕਦਾ ਹੈ।

# ਰੱਖੜੀ

**ਰੱਖੜੀ** ਦਾ ਤਿਉਹਾਰ ਭੈਣ-ਭਰਾ ਦੇ ਆਪਸੀ ਪਿਆਰ ਅਤੇ ਮਿਲਵਰਤਨ ਦੇ ਰਿਸ਼ਤੇ ਨੂੰ ਜ਼ਾਹਰ ਕਰਦਾ ਹੈ। ਵੀਰ ਹਰ ਤਿਉਹਾਰ ਤੇ ਸੋਹਰੇ ਵਸਦੀ ਭੈਣ ਨੂੰ ਸੰਧਾਰਾ ਦੇ ਕੇ ਆਉਂਦਾ ਹੈ। ਭੈਣ ਵੀਰ ਦੀ ਹਰ ਖੁਸ਼ੀ ਦੇ ਵਾਰੇ ਵਾਰੇ ਜਾਂਦੀ ਹੈ।

ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਪੈਂਦਾ ਸੀ। ਦਿਖਾਵੇ ਤੇ ਕੱਪੜੇ ਗਹਿਣੇ ਨਾਲ ਨਹੀਂ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ; ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਨੇ ਤੇ ਅਜਿਹੀਆਂ ਭੈਣਾਂ ਵੀ ਨੇ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆਂ ਤੇ ਪਿਆਰਦੀਆਂ ਨੇ ਪਰ ਅਜਿਹੇ ਹੁਣ ਬਹੁਤ ਘੱਟ ਹਨ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਉਦੇਸ਼ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆਂ ਤੇ ਖ਼ੂਬਸੂਰਤ ਰੱਖੜੀਆਂ ਦਾ ਕੋਈ ਮਹੱਤਵ ਨਹੀਂ ਹੈ। ਕਈਂ ਭੈਣਾਂ ਸੋਨੇ ਜਾ ਚਾਂਦੀ ਦੀਆਂ ਰੱਖੜੀਆਂ ਵੀ ਭਰਾ ਦੇ ਬੰਨ੍ਹਦੀਆਂ ਨੇ । ਇਹ ਆਪਣੀ ਪਹੁੰਚ ਜਾਂ ਸੋਚ ਤੇ ਨਿਰਭਰ ਹੈ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿਬੜਦਾ ਹੈ। ਅੱਜ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਨਹੀਂ ਕੱਪੜੇ ਤੇ ਗਹਿਣੇ ਜਾ ਪੈਸੇ ਨਾਲ ਪੈਂਦਾ ਹੈ। ਸਾਰੀਆਂ ਭੈਣਾਂ ਰੱਖੜੀ ਨੂੰ ਪੈਸੇ ਨਾਲ ਨਹੀਂ ਤੋਲਦੀਆਂ। ਕਈਂ ਭੈਣਾਂ ਵੀਰ ਦੇ ਘਰ ਦਾ ਫੋਕੇ ਪਾਣੀ ਦਾ ਗਲਾਸ ਪੀ ਕੇ ਵੀ ਅਸੀਸਾਂ ਦੇਣ ਵਾਲੀਆਂ ਹੁੰਦੀਆਂ ਨੇ ਤੇ ਕਈ ਸੂਟ ਦਾ ਰੰਗ ਪਸੰਦ ਨਾ ਹੋਣ ਤੇ ਮੂੰਹ ਮੋਟਾ ਕਰਨ ਵਾਲੀਆਂ ਵੀ। ਪਹਿਲੇ ਜ਼ਮਾਨੇ ਵਿਚ ਭੈਣਾਂ ਆਪ ਰੱਖੜੀ ਤਿਆਰ ਕਰਦੀਆਂ ਸਨ ਅਤੇ ਆਪਣੇ ਵੀਰ ਦਾ ਮੂੰਹ ਮਿੱਠਾ ਕਰਵਾਉਣ ਲਈ ਤਰ੍ਹਾਂ-ਤਰ੍ਹਾਂ ਦੇ ਪਕਵਾਨ ਘਰ ਦੀ ਰਸੋਈ ਵਿਚ ਬਣਾਉਂਦੀਆਂ ਸਨ ਜਿਨ੍ਹਾਂ ਵਿਚ ਖੋਏ ਦੀਆਂ ਪਿੰਨੀਆਂ, ਲੱਡੂ, ਗੁੜ ਵਾਲੀਆਂ ਮੱਠੀਆਂ, ਗੁਲਗਲੇ, ਖੀਰ, ਸੇਵੀਆਂ ਆਦਿ ਵਿਸ਼ੇਸ਼ ਹੁੰਦੇ ਸਨ।

ਹੁਣ ਦੇ ਸਮੇਂ ਵਿੱਚ ਦੇਖੀਏ, ਭੈਣ ਭਰਾ ਦਾ ਰਿਸ਼ਤਾ ਵੀ ਤਿੜਕ ਗਿਆ ਹੈ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਉਦੇਸ਼ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ-ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆਂ ਤੇ ਰੱਖੜੀਆਂ ਦਾ ਕੋਈ ਮਹੱਤਵ ਨਹੀਂ ਹੈ। ਕਈਂ ਭੈਣਾਂ ਸੋਨੇ ਜਾਂ ਚਾਂਦੀ ਦੀਆਂ ਰੱਖੜੀਆਂ ਵੀ ਭਰਾ ਦੇ ਬੰਨ੍ਹਦੀਆਂ ਨੇ । ਇਹ ਆਪਣੀ ਪਹੁੰਚ ਜਾਂ ਸੋਚ ਤੇ ਨਿਰਭਰ ਹੈ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿਬੜਦਾ ਹੈ। ਅੱਜ ਦੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਨਹੀਂ ਕੱਪੜੇ ਤੇ ਗਹਿਣੇ ਜਾਂ ਪੈਸੇ ਨਾਲ ਪੈਂਦਾ ਹੈ। ਕਈਂ ਭੈਣਾਂ ਉਸੇ ਭਰਾ ਨੂੰ ਜ਼ਿਆਦਾ ਮਾਣ ਆਦਰ ਦਿੰਦੀਆਂ ਹਨ ਜਿਹੜਾ ਉਨ੍ਹਾਂ ਦੀ ਰੱਖੜੀ ਦਾ ਜ਼ਿਆਦਾ ਮੁੱਲ ਪਾਉਂਦਾ ਹੈ।

ਸਾਰੇ ਭੈਣ ਭਰਾ ਇਸ ਰਿਸ਼ਤੇ ਨੂੰ ਇਕ ਰਸਮੀ ਤਿਉਹਾਰ ਨਾ ਸਮਝਣ। ਦੋ ਚਾਰ ਦਿਨ ਬਾਅਦ ਟੁੱਟ ਜਾਣ ਵਾਲੀ ਡੋਰ ਨਾਲੋਂ ਇਸ ਦੀ ਕਦਰ ਪੈਂਦੀ ਹੈ। ਦਿਖਾਵਿਆਂ ਨੂੰ ਛੱਡ ਕੇ ਸਾਦਗੀ ਤੇ ਪਿਆਰ ਸਤਿਕਾਰ ਨਾਲ ਇਹ ਮੋਹ ਦੀਆਂ ਤੰਦਾਂ ਮਜ਼ਬੂਤ ਕਰਨੀਆਂ ਚਾਹੀਦੀਆਂ ਹਨ।

ਅੱਜ ਦੇ ਸਮੇਂ ਵਿੱਚ ਔਰਤਾਂ ਨਾਲ ਹੋ ਰਹੇ ਦੁਰਵਿਵਹਾਰ ਅਤੇ ਉਹਨਾਂ ਉੱਪਰ ਵੱਧ ਰਹੇ ਜ਼ੁਲਮਾਂ ਨੂੰ ਦੇਖਦੇ ਹੋਏ ਲੱਗਦਾ ਹੈ ਕਿ ਔਰਤ ਨੂੰ ਆਪਣੀ ਸੁਰੱਖਿਆ ਦਾ ਕਦਮ ਆਪ ਹੀ ਚੁੱਕਣਾ ਪਵੇਗਾ। ਬਹੁਤ ਸਾਰੀਆਂ ਔਰਤਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਭਰਾ ਦੇ ਨਹੀਂ ਹੁੰਦੇ ਅਤੇ ਕੁੱਝ ਦੇ ਭਰਾ ਉਹਨਾਂ ਤੋਂ ਦੂਰ ਹੁੰਦੇ ਹਨ। ਅਜਿਹੇ ਵਿਚ ਔਰਤ ਦਾ ਆਪਣੀ ਸੁਰੱਖਿਆ ਲਈ ਸਵੈ-ਨਿਰਭਰ ਹੋਣਾ ਜਰੂਰੀ ਹੈ। ਇਸ ਦੇ ਨਾਲ ਹੀ ਭਰਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਭੈਣਾਂ ਨੂੰ ਪੜ੍ਹਾ-ਲਿਖਾ ਕੇ ਆਪਣੇ ਪੈਰਾਂ ਉੱਪਰ ਖੜ੍ਹਾ ਕਰਨ ਤਾਂ ਜੋ ਉਹ ਜ਼ਿੰਦਗੀ ਦੇ ਕਿਸੇ ਵੀ ਮੋੜ ਉੱਪਰ ਆਉਣ ਵਾਲੀਆਂ ਮੁਸੀਬਤਾਂ ਦਾ ਸਾਹਮਣਾ ਕਰ ਸਕਣ। ਭਰਾ ਦੁਆਰਾ ਆਪਣੀ ਭੈਣ ਨੂੰ ਦਿੱਤਾ ਜਾਣ ਵਾਲਾ ਇਹ ਸਭ ਤੋਂ ਕੀਮਤੀ ਤੋਹਫ਼ਾ ਹੋਵੇਗਾ।

**ਰਾਜਿੰਦਰ ਰਾਣੀ, ਪਿੰਡ ਗੰਢੂਆਂ (ਸੰਗਰੂਰ)**

# ਜੇਕਰ ਸਾਡੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਹੋਵੇਗਾ ਸੰਘਰਸ਼ ਨਵਦੀਪ ਸਿੰਘ



**• ਸੰਗਰੂਰ/ਕੁਲਵਿੰਦਰ ਸਿੰਘ ਧੀਮਾਨ**

ਭਾਖੜਾ ਬਿਆਸ ਇੰਪਲਾਈਜ ਯੂਨੀਅਨ (ਏਟਕ, ਐਫੀ) ਬਰਾਂਚ ਸੰਗਰੂਰ ਪਟਿਆਲਾ ਦੇ ਪ੍ਰਧਾਨ ਸਰਬਜੀਤ ਸਿੰਘ, ਸਕੱਤਰ ਸੁਰੇਸ਼ ਕੁਮਾਰ ਸੈਣੀ, ਮੀਤ ਪ੍ਰਧਾਨ ਨਵਦੀਪ ਸਿੰਘ ਪ੍ਰਚਾਰ ਸਕੱਤਰ, ਸੁਰੇਸ਼ ਸਿੰਘ ਸਕੱਤਰ, ਬਰਾਂਚ ਜਲੰਧਰ ਤੋਂ ਹਰਪ੍ਰੀਤ ਸਿੰਘ ਅਤੇ ਸੈਕਟਰੀ ਅਸ਼ੋਕ ਕੁਮਾਰ ਬਰਾਂਚ ਜਮਾਲਪੁਰ ਵਲੋਂ ਕਰਮਚਾਰੀਆਂ ਦੇ ਬਕਾਇਆ ਦੇ ਸਬੰਧ ਵਿਚ ਸੀਨੀਅਰ ਲੇਖਾ ਅਫਸਰ ਜਮਾਲਪੁਰ ਨਾਲ ਯੂਨੀਅਨ ਨੇ ਮੀਟਿੰਗ ਕੀਤੀ। ਇਸ ਮੌਕੇ ਹਰਵਿੰਦਰ ਸਿੰਘ ਲੇਖਾ ਅਫਸਰ ਨੇ ਕਰਮਚਾਰੀਆਂ ਨੂੰ ਆ ਰਹੀਆਂ ਵਿੱਤੀ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਅੰਤ ਵਿੱਚ ਹਰਵਿੰਦਰ ਸਿੰਘ ਲੇਖਾ ਅਫਸਰ ਜਮਾਲਪੁਰ ਨੇ ਸਹਿਮਤੀ ਪ੍ਰਗਟਾਈ ਕਿ ਮੈਂ ਤਨਖਾਹ ਫਿਕਸੇਸ਼ਨ ਅਤੇ ਸਕੇਲ 10900 ਅਤੇ ਬਾਕੀ ਸਾਰੇ ਬਕਾਏ ਜੋ ਵੀ ਬਾਕੀ ਹਨ ਉਨ੍ਹਾਂ ਦੇ ਹੱਲ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ। ਇਸ ਮੌਕੇ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਦਾ ਤੁਰੰਤ ਹੱਲ ਨਾਂ ਕੀਤਾ ਤਾਂ ਤਿੱਖਾ ਸੰਘਰਸ਼ ਹੋਵੇਗਾ ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਹਰਵਿੰਦਰ ਸਿੰਘ ਲੇਖਾ ਅਫ਼ਸਰ ਜਮਾਲਪੁਰ ਨੇ ਸਾਰੇ ਬਕਾਏ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ।

# ਪੁਲੀਸ ਵੱਲੋਂ ਕਿਸਾਨਾਂ 'ਤੇ ਲਾਠੀਚਾਰਜ ਦੀ ਕੀਤੀ ਸਖ਼ਤ ਨਿਖੇਧੀ



**• ਲੌਂਗੋਵਾਲ/ਕੁਲਵਿੰਦਰ ਸਿੰਘ ਧੀਮਾਨ**

ਨਗਰ ਕੌਸਲ ਲੌਂਗੋਵਾਲ ਦੇ ਮੀਤ ਪ੍ਰਧਾਨ ਅਤੇ ਨੌਜਵਾਨ ਅਕਾਲੀ ਆਗੂ ਰਣਜੀਤ ਸਿੰਘ ਕੁੱਕਾ ਨੇ ਲੌਂਗੋਵਾਲ ਵਿਖੇ ਪੁਲਿਸ ਵੱਲੋਂ ਕਿਸਾਨਾਂ ਤੇ ਕੀਤੇ ਲਾਠੀਚਾਰਜ ਦੀ ਸਖ਼ਤ ਨਿੰਦਾ ਕਰਦਿਆਂ ਇਸ ਦੌਰਾਨ ਜਾਨ ਗੁਆਉਣ ਵਾਲੇ ਕਿਸਾਨ ਦੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਕਾਰਵਾਈ ਦੁੱਖਦਾਈ ਹੋਣ ਦੇ ਨਾਲ ਨਾਲ ਸਰਕਾਰ ਦੀ ਲੋਕਾਂ ਪ੍ਰਤੀ ਜਿੰਮੇਵਾਰੀ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕੁਦਰਤੀ ਆਫਤ ਹੜ੍ਹ ਕਾਰਨ ਬਣੇ ਹਾਲਾਤ ਉਪਰੰਤ ਕਿਸਾਨ ਜਥੇਬੰਦੀਆਂ ਲਗਾਤਾਰ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੀਆਂ ਹਨ, ਇੱਕ ਪਾਸੇ ਹੜ੍ਹ ਕਾਰਨ ਕਿਸਾਨਾਂ ਨੂੰ ਫਸਲਾਂ ਦਾ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ ਅਤੇ ਦੂਸਰੇ ਪਾਸੇ ਪੁਲਿਸ ਕਿਸਾਨਾਂ 'ਤੇ ਤਸ਼ੱਦਦ ਕਰ ਰਹੀ ਹੈ। ਉਨ੍ਹਾਂ ਕਿ ਲੌਂਗੋਵਾਲ ਵਿਖੇ ਸੰਘਰਸ਼ ਕਰ ਰਹੇ ਕਿਸਾਨਾਂ ਵਿਰੁੱਧ ਸੰਗੀਨ ਧਾਰਾਵਾਂ ਤਹਿਤ ਪਰਚੇ ਦਰਜ ਕਰਨਾ ਅਤਿ ਨਿੰਦਣਯੋਗ ਕਾਰਵਾਈ ਹੈ, ਜਿਸ ਨੂੰ ਸਰਕਾਰ ਤੁਰੰਤ ਵਾਪਸ ਲਵੇ ।

# ਇੰਸਟੀਚਿਊਟ ਆਫ਼ ਕੋਸਟ ਐਂਡ ਮੈਨੇਜਮੈਂਟ ਅਕਾਊਂਟੈਂਟਸ ਕਲਕੱਤਾ ਵੱਲੋਂ ਖ਼ਾਲਸਾ ਕਾਲਜ ਵਿਖੇ ਪ੍ਰੀਖਿਆ ਕੇਂਦਰ ਸਥਾਪਿਤ : ਪ੍ਰਿੰ.ਜਸਵੀਰ ਸਿੰਘ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸ੍ਰੀ ਅਨੰਦਪੁਰ ਸਾਹਿਬ ਇਲਾਕੇ ਦੇ ਵਿਦਿਆਰਥੀਆਂ ਲਈ ਬੜੀ ਖੁਸ਼ੀ ਦੀ ਗੱਲ ਹੈ ਕਿ ਇੰਸਟੀਚਿਊਟ ਆਫ਼ ਕੋਸਟ ਅਤੇ ਮੈਨੇਜਮੈਂਟ ਅਕਾਊਂਟੈਂਟਸ, ਕਲਕੱਤਾ ਵੱਲੋਂ ਦਸੰਬਰ, 2023 ਤੋਂ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣਾ ਪ੍ਰੀਖਿਆ ਕੇਂਦਰ ਸਥਾਪਿਤ ਕਰਨ ਦਾ ਸ਼ਲਾਘਾਯੋਗ ਫ਼ੈਸਲਾ ਲਿਆ ਗਿਆ ਹੈ। ਇਹ ਢਾਈ ਸਾਲ ਦੀ ਮਿਆਦ ਵਾਲਾ ਸੀ.ਏ.ਦੇ ਬਰਾਬਰ ਦਾ ਕੋਰਸ ਹੈ। ਵਿਦਿਆਰਥੀ +2 ਤੋਂ ਬਾਅਦ ਫਾਊਂਡੇਸ਼ਨ ਕੋਰਸ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਇੰਟਰਮੀਡੀਏਟ ਕੋਰਸ ਵਿੱਚ ਦਾਖ਼ਲਾ ਲੈ ਸਕਦੇ ਹਨ।ਇਹ ਕੋਰਸ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਹੈ। ਇੰਟਰਮੀਡੀਏਟ ਕੋਰਸ ਤੋਂ ਬਾਅਦ ਇੰਸਟੀਚਿਊਟ ਵੱਲੋਂ 15 ਮਹੀਨੇ ਦੀ ਟਰੇਨਿੰਗ ਮੁਹੱਈਆ ਕਰਵਾਈ ਜਾਵੇਗੀ।ਮਾਣ ਵਾਲੀ ਗੱਲ ਹੈ ਕਿ ਇਸ ਸਮੇਂ ਦੋ ਵਿਦਿਆਰਥੀ ਐਨ.ਐਫ.ਐਲ.ਵਿੱਚ ਟਰੇਨਿੰਗ ਲੈ ਰਹੇ ਹਨ ਅਤੇ ਉਨ੍ਹਾਂ ਨੂੰ 15000 ਰੁ: ਪ੍ਰਤੀ ਮਹੀਨਾ ਵਜ਼ੀਫ਼ਾ ਮਿਲਦਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਦੱਸਿਆ ਕਿ ਸੀ.ਐਮ.ਏ. ਦਾ ਫਾਈਨਲ ਇਮਿਤਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਘੱਟੋ - ਘੱਟ 10 ਲੱਖ ਅਤੇ ਵੱਧ ਤੋਂ ਵੱਧ 32 ਲੱਖ ਦਾ ਪੈਕੇਜ ਦਿੱਤਾ ਜਾਂਦਾ ਹੈ। ਵਿਦਿਆਰਥੀ ਇਹ ਕੋਰਸ ਗ੍ਰੈਜੂਏਸ਼ਨ ਦੇ ਨਾਲ - ਨਾਲ ਕਰ ਸਕਦੇ ਹਨ। ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਵਿਦਿਆਰਥੀ ਕਮਰਸ ਵਿਭਾਗ ਦੇ ਮੁਖੀ, ਡਾ.ਮਨਜੀਤ ਸਿੰਘ ਨਾਲ (9914019385) ਨਾਲ ਸੰਪਰਕ ਕਰ ਸਕਦੇ ਹਨ।



ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ਖ਼ਬਰਾਂ ਪ੍ਰਤੀ ਜ਼ੁਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ।




# ਸੂਬਾ ਪੱਧਰੀ ਧਰਨੇ ਦੀ ਸਫਲਤਾ ਲਈ 28 ਨੂੰ ਡਿਪਟੀ ਕਮਿਸ਼ਨਰ ਦਫਤਰ ਲੁਧਿਆਣਾ ਅੱਗੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਜਾਵੇਗਾ

• **ਲੁਧਿਆਣਾ/ਸਮਰਾਲਾ/ਵਰਿੰਦਰ ਪ੍ਰਕਾਸ਼ ਭਾਂਬਰੀ,ਸੁਖਚੈਨ ਮਹਿਰਾ**

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਸਾਲਾਂਬੱਧੀ ਅਰਸ਼ੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਦੀ ਮੰਗ ਨੂੰ ਲੈਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.ਨੰ.31) ਵੱਲੋਂ ਪੰਜਾਬ ਸਰਕਾਰ ਅਤੇ ਜਲ ਸਪਲਾਈ ਵਿਭਾਗ ਦੀ ਮਨੇਜਮੈਂਟ ਦੇ ਖਿਲਾਫ ਸੰਘਰਸ਼ਾਂ ਦਾ ਐਲਾਨ ਕੀਤਾ ਗਿਆ ਹੈ। ਅੱਜ 9."‌.9 ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਉਪ ਮੰਡਲ ਵਿਖੇ ਬ੍ਰਾਂਚ ਪੱਧਰੀ ਤਿਆਰੀ ਲਈ ਮੀਟਿੰਗ ਕੀਤੀ ਗਈ। ਜਿਸ ਵਿਚ ਪ੍ਰੈਸ ਬਿਆਨ ਜਾਰੀ ਕਰਦਿਆਂ ਜ਼ਿਲਾ ਜਰਨਲ ਸਕੱਤਰ ਰਵਿੰਦਰ ਸਿੰਘ ਮਾਣਕੀ, ਬ੍ਰਾਂਚ ਪ੍ਰਧਾਨ ਕਰਮ ਚੰਦ ਫਰੌਰ, ਪ੍ਰੈਸ ਸਕੱਤਰ ਗੁਰਪ੍ਰੀਤ ਸਮਰਾਲਾ ਨੇ ਦੱਸਿਆ ਕਿ 20 ਅਗਸਤ ਨੂੰ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਲੁਧਿਆਣਾ ਈਸੜੂ ਭਵਨ ਵਿਖੇ ਕੀਤੀ ਗਈ ਸੀ। ਜਿਸ 'ਚ ਵਿਚਾਰ ਚਰਚਾ ਕਰਨ ਉਪਰੰਤ ਯੂਨੀਅਨ ਦੀ ਸੂਬਾ ਕਮੇਟੀ ਵੱਲੋਂ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ-ਕਮ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਸੰਗਰੂਰ ਵਿਖੇ 4ਸਤੰਬਰ ਨੂੰ ਪਰਿਵਾਰਾਂ ਅਤੇ ਬੱਚਿਆ ਸਮੇਤ ਸੂਬਾ ਪੱਧਰੀ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ। ਜਿਸ ਦੇ ਤਹਿਤ 4 ਸਤੰਬਰ 2023 ਦੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ 28 ਅਗਸਤ ਨੂੰ ਪੰਜਾਬ ਭਰ ਵਿਚ ਜਿਲ੍ਹਾ ਪੱਧਰੀ ਪਰਿਵਾਰਾਂ ਅਤੇ ਬੱਚਿਆਂ ਸਮੇਤ ਕੈਬਨਿਟ ਮੰਤਰੀਆਂ ਅਤੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਰੋਹ ਭਰਪੂਰ ਮਾਰਚ ਪ੍ਰਦਰਸ਼ਨ ਕੀਤੇ ਜਾਣਗੇ। ਇਸ ਦੌਰਾਨ ਮੰਗ ਕੀਤੀ ਜਾਵੇਗੀ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਵਿਚ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਨੂੰ ਉਨ੍ਹਾਂ ਦੇ ਤਜਰਬੇ ਨੂੰ ਮੁੱਖ ਰੱਖ ਕੇ ਵਿਭਾਗ 'ਚ ਸ਼ਾਮਲ ਕਰਕੇ ਰੁਜਗਾਰ ਪੱਕਾ ਕੀਤਾ ਜਾਵੇ। ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਠੇਕਾ ਮੁਲਾਜਮਾਂ ਦੀਆਂ ਤਨਖਾਹਾਂ ਘਟਾਉਣ ਲਈ ਜਾਰੀ ਕੀਤੇ ਗਏ ਪੱਤਰ ਨੂੰ ਤੁਰੰਤ ਪ੍ਰਭਾਵ ਰੱਦ ਕੀਤਾ ਜਾਵੇ, ਮਲੇਰਕੋਟਲਾ 'ਚ ਕੰਮ ਕਰਦੇ ਜਸਸ ਵਿਭਾਗ ਦੇ ਇਨਲਿਸਟਮੈਂਟ ਵਰਕਰਾਂ ਦੀ ਤਨਖਾਹ 'ਚ ਵਾਧਾ ਕੀਤਾ ਜਾਵੇ।

# ਅੱਜ ਈਡੀ ਨੇ ਜ਼ਿਲ੍ਹਾ ਨਵਾਂਸ਼ਹਿਰ ਦੇ ਬਲਾਚੌਰ ਵਿੱਚ ਸਵੇਰੇ 6 ਵਜੇ ਦੇ ਕਰੀਬ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ

• **ਨਵਾਂਸ਼ਹਿਰ/ਜਤਿੰਦਰ ਪਾਲ ਸਿੰਘ ਕਲੇਰ**

ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਈਡੀ ਨੇ ਜ਼ਿਲ੍ਹਾ ਨਵਾਂਸ਼ਹਿਰ ਦੇ ਬਲਾਚੌਰ ਦੇ ਵੱਖ-ਵੱਖ ਪਿੰਡਾਂ ਵਿੱਚ ਸੰਦੀਪ ਕੁਮਾਰ ਉਰਫ਼ ਮਨੀ ਵਾਸੀ ਪਿੰਡ ਸਿਆਣਾ ਅਤੇ ਸੰਦੀਪ ਭਾਟੀਆ ਉਰਫ਼ ਸੋਨੂੰ ਵਾਸੀ ਅਦੋਆਣਾ ਦੇ ਘਰ ਛਾਪੇਮਾਰੀ ਕੀਤੀ। ਪ੍ਰਾਪਤ ਜਾਣਕਾਰੀ ਅਨੁਸਾਰ ਈਡੀ ਨੇ ਜਸਪਾਲ ਸਿੰਘ ਦੇ ਉਦੋਵਾਲ ਸਥਿਤ ਘਰ 'ਤੇ ਛਾਪਾ ਮਾਰਿਆ ਹੈ।





ਜਾਣਕਾਰੀ ਅਨੁਸਾਰ ਇਨ੍ਹਾਂ ਠੇਕੇਦਾਰਾਂ ਨੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨਾਲ ਮਿਲ ਕੇ ਪੰਜਾਬ ਦੇ ਮੰਦਰਾਂ ਵਿੱਚ ਲੇਬਰ ਅਤੇ ਟਰਾਂਸਪੋਰਟ ਦੇ ਟੈਂਡਰਾਂ ਵਿੱਚ ਗੜਬੜੀ ਕੀਤੀ ਹੈ। ਛੋਟੇ ਠੇਕੇਦਾਰਾਂ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ 20-25 ਲੋਕਾਂ ਨੂੰ ਹੀ ਫਾਇਦਾ ਪਹੁੰਚਾਇਆ ਗਿਆ ਜਦੋਂਕਿ ਮੁਲਜ਼ਮ ਅੰਸੂ ਨੇ ਕਿਹਾ ਕਿ ਇਹ ਟੈਂਡਰ ਡੀਸੀ ਦੀ ਅਗਵਾਈ ਵਾਲੀ ਕਮੇਟੀਆਂ ਤੋਂ ਸੁਚੇਤ ਹਨ। ਇਸ ਟੈਂਡਰ ਘੁਟਾਲੇ ਵਿੱਚ ਕਰੀਬ 2000 ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਦਾ ਦੋਸ਼ ਹੈ। ਇਸ ਟਰਾਂਸਪੋਰਟ ਟੈਂਡਰ ਘੁਟਾਲੇ ਵਿੱਚ ਮੁਲਜ਼ਮ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ, ਉਕਤ ਚਾਹ ਠੇਕੇਦਾਰ ਤੇਲ ਰਾਮ, ਜੋ ਪਹਿਲਾਂ ਹੀ ਪੁਲੀਸ ਦੀ ਗ੍ਰਿਫ਼ਤ ਵਿੱਚ ਹੈ, ਦੇ ਨਾਲ-ਨਾਲ ਸੰਦੀਪ ਭਾਟੀਆ, ਜਗਰੂਪ ਸਿੰਘ, ਸੰਦੀਪ ਕੁਮਾਰ ਉਰਫ਼ ਮਨੀ ਅਤੇ ਜਗਰੂਪ ਸਿੰਘ ਦੇ ਨਾਂ ਸਾਹਮਣੇ ਆ ਚੁੱਕੇ ਹਨ।, ਈ ਡੀਨੇ ਨਵਾਂਸ਼ਹਿਰ ਦੇ ਤਿੰਨ ਪਿੰਡਾਂ ਵਿੱਚ ਛਾਪੇਮਾਰੀ ਕੀਤੀ ਹੈ। ਹਾਲਾਂਕਿ ਈਡੀ ਆਪਣੀ ਅੱਜ ਦੀ ਕਾਰਵਾਈ ਸਬੰਧੀ ਜਾਣਕਾਰੀ ਦੇਣ ਤੋਂ ਗੁਰੇਜ਼ ਕਰ ਰਿਹਾ ਹੈ।

## ਹਿੰਦੀ ਮਿੰਨੀ ਕਹਾਣੀ

# ਲੋਕਤੰਤਰ





ਉਹ ਰੋਜ਼ ਉਹਨੂੰ ਵੇਖਦਾ। ਸਵੇਰ ਦੀ ਸੈਰ ਤੇ ਮੁਲਾਕਾਤ ਹੁੰਦੀ ਸੀ ਉਨ੍ਹਾਂ ਦੀ। ਉਹ ਈਰਖਾ ਨਾਲ ਉਹਨੂੰ ਵੇਖਦਾ, ਮੁਲਾਇਮ ਸ਼ੈਂਪੂ ਕੀਤੇ ਹੋਏ ਵਾਲ, ਨਖ਼ਰੇ ਭਰੀ ਚਾਲ, ਸਿਹਤਮੰਦ ਚਿਹਰਾ। ਬਸ ਗਲੇ ਵਿੱਚ ਬੰਨ੍ਹ?ਆ ਪਟਾ ਅਤੇ ਮਾਲਕ ਦੇ ਹੱਥ ਵਿੱਚ ਉਸ ਪਟੇ ਦੀ ਜੰਜ਼ੀਰ ਉਹਨੂੰ ਸਕੂਨ ਦੇ ਦਿੰਦੀ। ਅੱਜ ਉਹਨੇ ਇਸ਼ਾਰੇ ਨਾਲ ਕੋਲ ਬੁਲਾਇਆ ਤਾਂ ਉਹ ਮਟਕਦਾ ਹੋਇਆ ਉਸ ਕੋਲ ਆ ਖੜ੍ਹਾ ਹੋਇਆ।

ਬਹਊਂ...ਬਹਊਂ... ਬੜਾ ਸੁਖੀ ਹੈਂ ਬਈ!... ਪਰ ਤੇਰੇ ਗਲੇ ਵਿੱਚ ਪਈ ਇਹ ਜੰਜ਼ੀਰ ਤੇਰੀ ਆਜ਼ਾਦੀ ਦਾ ਬੰਧਨ ਹੈ।

ਹਾ...ਹਾ...ਹਾ...ਹਾ...ਕਿਹੜੀ ਗੁਲਾਮੀ, ਕਿਹੜਾ ਬੰਧਨ? ਸੱਚ ਤਾਂ ਇਹ ਹੈ ਇਹ ਇਨਸਾਨ ਦੀ ਜ਼ਾਤ ਮੇਰੀ ਗੁਲਾਮ ਹੈ। ਇਹਨੂੰ ਮੇਰੇ ਲਈ ਸਵੇਰ ਦੀ ਨੀਂਦ ਤਿਆਗ ਕੇ ਉਠਣਾ ਪੈਂਦਾ ਹੈ, ਮੈਨੂੰ ਘੁਮਾਉਣ ਲਈ।

ਖੁਦ ਨੂੰ ਖਾਣਾ ਮਿਲੇ ਜਾਂ ਨਾ, ਪਰ ਮੇਰੇ ਲਈ ਸਪੈਸ਼ਲ ਫੂਡ ਦਾ ਪ੍ਰਬੰਧ ਕਰਦਾ ਹੈ।

ਮੈਨੂੰ ਆਪਣੇ ਹੱਥੀਂ ਨੁਹਾਉਂਦਾ ਹੈ, ਸਜਾਉਂਦਾ ਹੈ, ਸੰਵਾਰਦਾ ਹੈ। ਆਪਣੇ ਨਾਲ ਬੈੱਡ ਤੇ ਸੁਆਉਂਦਾ ਹੈ। ਮੈਂ ਜਿਵੇਂ ਮਰਜ਼ੀ ਇਹਨੂੰ ਚਲਾਉਂਦਾ ਹਾਂ। ਹੁਣ ਇੰਨੇ ਸੁਆਦੀ ਖਾਣੇ ਤੋਂ ਬਾਅਦ ਵੀ ਜੇ ਮੇਰਾ ਮਨ ਸੜਕ ਦੀ ਰੋਟੀ ਖਾਣ ਨੂੰ ਕਰਦਾ ਹੈ ਤਾਂ ਇਹ ਕੁਝ ਨਹੀਂ ਕਰ ਸਕਦਾ। ਮੈਂ ਜਿੱਧਰ ਜਾਂਦਾ ਹਾਂ, ਇਹ ਮੇਰੇ ਨਾਲ ਮੇਰੇ ਪਿੱਛੇ-ਪਿੱਛੇ ਦੌੜਨ ਲਈ ਮਜਬੂਰ ਹੈ। ਮੈਂ ਰੁਕਾਂ ਤਾਂ ਇਹ ਮੇਰੇ ਪਿੱਛੇ ਖੜ੍ਹਾ ਉਡੀਕ ਕਰਦਾ ਹੈ। ਮੈਂ ਜਿੱਧਰ ਚਾਹਾਂ ਜਾਂਦਾ ਹਾਂ, ਇਹ ਮੇਰੇ ਪਿੱਛੇ ਦੌੜਦਾ ਹੈ।

ਪਰ ਇੰਨਾ ਸਭ ਕਰਕੇ ਇਸਨੂੰ ਮਿਲਦਾ ਕੀ ਹੈ, ਜੋ ਇਹ ਇੰਨੀ ਖੇਚਲ ਕਰਦਾ ਹੈ?

ਹਾ...ਹਾ...ਹਾ... ਇੱਕ ਕਾਲਪਨਿਕ ਮਾਨਸਿਕ ਸੁਖ ਕਿ ਇਹ ਮੇਰਾ ਮਾਲਕ ਹੈ, ਤੇ ਮੈਂ ਇਹਦਾ ਪਾਲਤੂ... ਕਹਿੰਦਾ ਹੋਇਆ ਉਹ ਦੌੜਨ ਲੱਗਿਆ ਅਤੇ ਉਹਦੀ ਜੰਜ਼ੀਰ ਫੜ੍ਹੀ ਉਹਦਾ ਮਾਲਕ ਉਹਦੇ ਪਿੱਛੇ-ਪਿੱਛੇ ਖਿਚਦਾ ਹੋਇਆ ਚੱਲ ਪਿਆ।

*** ਮੂਲ : ਕਨਕ ਹਰਲਾਲਕਾ**
*** ਅਨੁ : ਪ੍ਰੋ. ਨਵ ਸੰਗੀਤ ਸਿੰਘ**

# ਚੰਦਰਯਾਨ ਤਿੰਨ ਦੀ ਸਫਲਤਾ ਪੂਰਵਕ ਲੈਂਡਿੰਗ 'ਤੇ ਭਾਜਪਾ ਮੰਡਲ ਬਲਾਚੌਰ ਵੱਲੋਂ ਖੁਸ਼ੀ ਵਿੱਚ ਵੰਡੇ ਲੱਡੂ

• **ਨਵਾਂਸ਼ਹਿਰ /ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ**




ਭਾਜਪਾ ਮੰਡਲ ਬਲਾਚੌਰ ਦੇ ਪ੍ਰਧਾਨ ਨੰਦ ਕਿਸ਼ੋਰ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਚੰਦਰਯਾਨ ਤਿੰਨ ਦੀ ਸਫਲਤਾ ਪੂਰਵਕ ਲੈਂਡਿੰਗ ਉਪਰੰਤ ਭਾਰਤ ਨੇ ਨਵਾਂ ਇਤਿਹਾਸ ਰਚ ਦਿੱਤਾ ਹੈ ਅਤੇ ਉਨ੍ਹਾਂ ਨੇ ਈਸਰੋ ਦੇ ਵਿਗਿਆਨਕਾਂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਨੂੰ ਵਧਾਈਆਂ ਵੀ ਦਿੱਤੀਆਂ।ਉਨ੍ਹਾਂ ਨੇ ਦੱਸਿਆ ਕੀ ਇਸ ਖੁਸ਼ੀ ਵਿੱਚ ਬਲਾਚੌਰ ਦੇ ਮੁਖ ਚੌਂਕ ਵਿੱਚ ਲੱਡੂ ਵੰਡੇ ਗਏ।ਉਹਨਾਂ ਨੇ ਆਖਿਆ ਕੀ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਦੂਜੇ ਦੇਸ਼ਾਂ ਨਾਲੋਂ ਸਾਡਾ ਭਾਰਤ ਘੱਟ ਨਹੀਂ ਹੈ ,ਸਾਡੇ ਵਿਗਿਆਨਕ ਬਹੁਤ ਹੀ ਵਧੀਆ ਕੰਮ ਕਰ ਰਹੇ ਹਨ, ਜਿਨ੍ਹਾਂ ਨੇ ਸਫਲਤਾ ਪੂਰਵਕ ਚੰਦਰਯਾਨ ਤਿੰਨ ਦੀ ਲੈਂਡਿੰਗ ਕਰਵਾਈ ਹੈ। ਉਹਨਾਂ ਨੇ ਸ਼ਹਿਰ ਵਾਸੀਆਂ ਅਤੇ ਇਲਾਕਾ ਵਾਸੀਆਂ ਨੂੰ ਇਸ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਬਲਾਚੌਰ ਦੇ ਮੁੱਖ ਚੌਂਕ ਵਿੱਚ ਢੋਲ ਵਜਾ ਕੇ ਅਤੇ ਭੰਗੜਾ ਪਾ ਕੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ਅਤੇ ਵਾਲੇ ਲੋਕਾਂ ਦਾ ਵੀ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਜ਼ਿਲਾ ਪ੍ਰਧਾਨ ਅਸ਼ੋਕ ਬਾਂਠ, ਵਰਿੰਦਰ ਕੌਰ ਥਾਂਦੀ,ਵਰਿੰਦਰ ਸੈਣੀ,ਮੰਡਲ ਪ੍ਰਧਾਨ ਨੰਦ ਕਿਸ਼ੋਰ ਸ਼ਰਮਾ, ਨਰੇਂਦਰ ਨਾਥ ਸੁਦਨ, ਸੁਰਿੰਦਰ ਪਾਲ ਵਰਮਾ,ਸੁਭਾਸ਼ ਬਾਂਠ,ਧਰੁਵ ਰਾਣਾ,ਕੇਵਲ ਸਿੰਘ ਭੌਰ,ਰਾਜੂ ਆਨੰਦ,ਮੋਹਣ ਲਾਲ ਆਨੰਦ,ਅਰੁਣ ਦੱਤਾ, ਐਡਵੋਕੇਟ ਦਿਨੇਸ਼ ਭਾਰਤਵਾਜ, ਰੋਹਿਤ ਬਾਦਲ,ਵਰਿੰਦਰ ਰਜਵਾੜਾ, ਗੁਰਨਾਮ ਕਿਸਾਨਾਂ ਆਦਿ ਹਾਜ਼ਰ ਸਨ।

# ਤੀਆਂ ਅਤੇ ਧੀਆਂ

ਭਾਦੋਂ ਵਿਚ ਜਦੋਂ ਤੀਆਂ ਆਉਂਦੀਆਂ ਸੀ,
ਧੀਆਂ ਨੱਚਦੀਆਂ ਤੇ ਨਚਾਉਂਦੀਆਂ ਸੀ।
ਨਵੀਂ ਲੱਜ ਅਤੇ ਨਵੀਂ ਫੱਟੀ ਨਾਲ,
ਪਿੱਪਲਾਂ ਤੇ ਪੀਂਘਾਂ ਪਾਉਂਦੀਆਂ ਸੀ।
ਕੋਈ ਦਾਦੀ ਤੋਂ ਤੇ ਕੋਈ ਨਾਨੀ ਤੋਂ,
ਤੀਆਂ ਲਈ ਸੂਟ ਸਵਾਉਂਦੀਆਂ ਸੀ।
ਇਕ ਦੂਜੀ ਨਾਲ ਜਿੱਦ ਲਾ ਲਾ ਕੇ,
ਫਿਰ ਉੱਚੀ ਹੀਂਘ ਚੜ੍ਹਾਉਂਦੀਆਂ ਸੀ।
ਬੋਲੀਆਂ ਪਾ ਕੇ ਇਕ ਦੂਜੀ ਨੂੰ,
ਜਿੱਤਦੀਆਂ ਅਤੇ ਹਰਾਉਂਦੀਆਂ ਸੀ।
ਉਹ ਜਿੱਤਾਂ ਹਾਰਾਂ ਖੁਸ਼ੀ ਲਈ ਸੀ,
ਉਂਝ ਮਿਲ ਕੇ ਜਸ਼ਨ ਮਨਾਉਂਦੀਆਂ ਸੀ।
ਕੋਈ ਛੱਲੀਆਂ ਭੁੰਨ ਲਿਆਉਂਦੀ ਸੀ,
ਕੋਈ ਲਿਆਉਂਦੀ ਮੁਰਮਰੇ ਮੱਕੀ ਦੇ,
ਕੋਈ ਮਿੱਠੀਆਂ ਮੱਠੀਆਂ ਗੁਲਗਲੇ ਲੈਣ,
ਕਦੇ ਭੁੰਨੇ ਛੋਲੇ ਫੱਕੀ ਦੇ।
ਤੀਆਂ ਦੇ ਸੋਹਲ ਨਜ਼ਾਰੇ ਉਹ,
ਹੁਣ ਕਿਧਰੇ ਨਹੀਂਓਂ ਤੱਕੀ ਦੇ।
ਉਂਝ ਛਪਾਉਂਦੀਆਂ ਦਿਲ ਦੀਆਂ ਦਿਲ ਵਿਚ,
ਦਿਲ ਦੇ ਭੇਦ ਬੋਲੀ ਵਿੱਚ ਦੱਸਣ।
ਅੰਬਰੀਂ ਪੈਂਦੀ ਗੂੰਜ ਗਿੱਧੇ ਦੀ,
ਤੀਆਂ ਵਿੱਚ ਇਹ ਖੁੱਲ੍ਹ ਕੇ ਹੱਸਣ।
ਰਹੇ ਚਿਹਰਿਆਂ ਉੱਤੇ ਰੌਣਕ,
ਹੱਸਦੀਆਂ ਰਹਿਣ ਯੁੱਗੋ ਯੁੱਗ ਵੱਸਣ।
ਨਾ ਹੁਣ ਤੀਆਂ ਨਾ ਪਿੱਪਲ ਨੇ,
ਉਹ ਮਿੱਠਾ ਬਦਲ ਸੰਗੀਤ ਗਿਆ।
ਨਾ ਨੱਚਣ ਗਾਵਣ ਕੁੜੀਆਂ ਹੁਣ,
ਨਾ ਬੋਲੀ ਨਾ ਓ ਗੀਤ ਰਿਹਾ,
ਸਭ ਰੰਗ ਬਦਲਗੇ ਜੀਵਨ ਦੇ,
ਉਹ ਇੱਕ ਜ਼ਮਾਨਾ ਬੀਤ ਗਿਆ।
ਬੋਹੜ ਟਾਹਲੀਆਂ ਪਿੱਪਲ ਕੱਟ ਕੇ,
ਵੈਰੀ ਬਣ ਗਏ ਹੁਣ ਰੁੱਖਾਂ ਦੇ।
ਜਨਮ ਦੇਣ ਤੋਂ ਪਹਿਲਾਂ ਧੀਆਂ,
ਕਤਲ ਹੋਣ ਵਿੱਚ ਕੁੱਖਾਂ ਦੇ।
ਖ਼ੁਦ ਪੁੱਟ ਕੇ ਜੜ੍ਹਾਂ ਭਵਿੱਖ ਦੀਆਂ,
ਅਸੀਂ ਕਾਤਲ ਬਣ ਗਏ ਸੁੱਖਾਂ ਦੇ।

**ਸ਼੍ਰੀ ਪ੍ਰੇਮ ਸਰੂਪ (ਛਾਜਲੀ)**
**ਪੰਜਾਬੀ ਮਾਸਟਰ**
**ਸਸਸਸ ਗੋਬਿੰਦਗੜ੍ਹ ਖੋਖਰ**
(ਸੰਗਰੂਰ)

# ਆਪ ਵਿਧਾਇਕ ਸੰਤੋਸ਼ ਕਟਾਰੀਆ ਵਲੋਂ ਦਲਿਤ ਸਰਪੰਚ ਨਾਲ 45 ਲੱਖ ਦੇ ਪ੍ਰੋਜੈਕਟ ਨੂੰ ਲੈ ਕੇ ਧੱਕੇਸ਼ਾਹੀ

**• ਨਵਾਂਸ਼ਹਿਰ/ ਬਲਾਚੌਰ/ ਜਤਿੰਦਰ ਪਾਲ ਸਿੰਘ ਕਲੇਰ**



ਅੱਜ ਬਹੁਜਨ ਸਮਾਜ ਪਾਰਟੀ ਦੇ ਪੰਜਾਬ ਪ੍ਰਧਾਨ ਸ਼?ਰੀ ਜਸਬੀਰ ਸਿੰਘ ਗੜ੍ਹੀ ਦਾ 7 ਮੈਂਬਰੀ ਵਫਦ ਪਿੰਡ ਦੀਆਂ ਗਲੀਆਂ ਵਿਚ ਘੁੰਮਿਆ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜ ਦੇ ਮੌਕੇ ਤੇ ਜਾਕੇ ਹਾਲਾਤ ਸਮਝੇ।ਇਹ ਮਸਲਾ ਪਿਛਲੇ 20 ਸਾਲ ਤੋਂ ਕਾਂਗਰਸ ਦੀ ਤਤਕਾਲੀਨ ਜਿਲ੍ਹਾ ਪ੍ਰੀਸ਼ਦ ਚੇਅਰਪਰਸਨ ਸ੍ਰੀਮਤੀ ਸੰਤੋਸ਼ ਕਟਾਰੀਆ ਦੇ ਮੇਹਰਬਾਨੀ ਨਾਲ ਸ਼ੁਰੂ ਹੋਇਆ ਅਤੇ ਅੱਜ ਸੰਤੋਸ਼ ਕਟਾਰੀਆ ਆਮ ਆਦਮੀ ਪਾਰਟੀ ਦੀ ਵਿਧਾਇਕਾ ਹੈ।ਮੌਜੂਦਾ ਵਿਧਾਇਕਾਂ ਬੀਬੀ ਸੰਤੋਸ਼ ਕਟਾਰੀਆ ਦੀ ਅਪਾਰ ਕਿਰਪਾ ਨਾਲ ਪਿੰਡ ਸਹੂੰਗੜਾ ਦੀ ਅਨੁਸੂਚਿਤ ਆਬਾਦੀ ਦੇ ਲੋਕ ਦੋ ਧੜਿਆ ਦੀ ਰਾਜਨੀਤੀ ਦਾ ਸ਼ਿਕਾਰ ਹੋਕੇ ਭਰਾ ਮਾਰੂ ਜੰਗ ਦੇ ਕੰਢੇ ਤੇ ਖੜੇ ਹਨ। ਪਿੰਡ ਸਹੂੰਗੜਾ ਵਿਖੇ ਦਲਿਤ ਸਰਪੰਚ ਦੀ ਦੂਰਦਰਸ਼ੀ ਸੋਚ ਸਦਕਾ ਪਿੰਡ ਦੇ ਗੰਦੇ ਪਾਣੀ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਪਿੰਡ ਦੇ ਡਿਜਿਟਲ ਸਰਵੇ ਕਰਵਾਏ ਗਏ ਅਤੇ ਉਸ ਤੋਂ ਉਪਰੰਤ 9 ਭਰਾਵਾਂ ਦੇ ਸਹਿਯੋਗ ਨਾਲ 2 ਖੇਤ ਜਮੀਨ ਦੇ ਪਿੰਡ ਤੋਂ ਬਾਹਰ ਲਏ. ਕੜੀ ਮੇਹਨਤ ਨਾਲ 45 ਲੱਖ ਦਾ ਪ੍ਰੋਜੈਕਟ ਪਿੰਡ ਲਈ ਪਾਸ ਕਰਵਾਇਆ . ਪਰ ਪਿੰਡ ਵਿੱਚ ਧੜੇਬੰਦੀ ਖੜੀ ਕਰਕੇ ਰਾਜਨੀਤਿਕ ਚੇਹਰੇ ਰੋਟੀਆਂ ਸੇਕ ਰਹੇ ਹਨ ਦੱਸਣਯੋਗ ਹੈ ਕਿ ਵਿਧਾਇਕਾ ਸੰਤੋਸ਼ ਕਟਾਰੀਆ ਦੀ ਪਿਛਲੇ ਦਿਨੀਂ ਵੀਡਿਓ ਵਾਇਰਲ ਹੋਈ ਸੀ ਜਿਸ ਵਿੱਚ ਤੀਆਂ ਦੇ ਤਿਉਹਾਰ ਮੌਕੇ ਦਲਿਤ ਬਸਤੀ ਵਲੋਂ ਵੰਡੀ ਮਿਠਾਈ ਨੂੰ ਅਸਪੱਸ਼ਟ ਭਾਵਨਾ (ਪਤਾ ਨਹੀਂ ਦੁਰਭਾਵਨਾ ਸੀ ਜਾਂ ਨਿੱਜੀ ਮਜਬੂਰੀ) ਨਾਲ ਸੁੱਟਿਆ ਗਿਆ ਸੀ।ਆਮ ਆਦਮੀ ਪਾਰਟੀ ਦੀ ਵਿਧਾਇਕਾ ਵਲੋਂ ਦਲਿਤ ਭਾਈਚਾਰੇ ਦੀ ਮਿਠਾਈ ਚੋਰੀ ਚੋਰੀ ਸੁੱਟੇ ਜਾਣ ਕਰਕੇ ਸਾਰੇ ਪੰਜਾਬ ਹੀ ਨਹੀਂ ਸੰਸਾਰ ਭਰ ਵਿਚ ਵਸਦੇ ਦਲਿਤ ਸਮਾਜ ਦੇ ਹਿਰਦੇ ਵਲੂੰਧਰੇ ਗਏ ਸਨ।ਅੱਜ ਦੂਜੀ ਘਟਨਾ ਸਹੂੰਗੜਾ ਪਿੰਡ ਦੇ ਸ਼੍ਰੀ ਗੁਰੂ ਰਵਿਦਾਸ ਗੁਰੂਦਵਾਰਾ ਅਤੇ ਦਲਿਤ ਬਸਤੀ ਦੇ ਛੱਪੜ ਦੇ ਪਾਣੀ ਦੀ ਆੜ ਵਿੱਚ ਪਿੰਡ ਦੇ ਦਲਿਤ ਸਰਪੰਚ ਨਾਲ ਧੱਕਾ ਕਰਨਾ ਦਲਿਤ ਵਿਰੋਧੀ ਸਾਜਿਸ਼ ਹੈ, ਜਿਸ ਪਿੱਛੇ ਸਰਕਾਰ ਦੇ ਨਾਲ ਨਾਲ ਪ੍ਰਸ਼ਾਸ਼ਨ ਦੀ ਅਣਗਿਹਲੀ ਵੀ ਸ਼ਾਮਿਲ ਹੈ।ਜਦੋਂ ਕਿ ਪਿੰਡ ਸਹੂੰਗੜਾ ਦੇ ਛੱਪੜ ਦਾ ਵਿਵਾਦ ਆਉਣ ਵਾਲੇ ਸਮੇਂ ਵਿੱਚ ਵਿਗੜਕੇ ਵੱਡਾ ਖ਼ੂਨੀ ਜੰਗ ਦੇ ਰੂਪ ਵਿਚ ਸਾਹਮਣੇ ਆ ਸਕਦਾ ਹੈ, ਜਿਸਦੀ ਜਿੰਮੇਵਾਰੀ ਜਿਲ੍ਹੇ ਦੇ ਸਮੁਚੇ ਪ੍ਰਸ਼ਾਸ਼ਨ ਦੀ ਹੋਵੇਗੀ ਉਥੇ ਹੀ ਦਲਿਤ ਵਿਰੋਧੀ ਆਮ ਆਦਮੀ ਪਾਰਟੀ ਦੀ ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਵੀ ਪਿੰਡ ਵਿੱਚ ਹੋਏ ਕਿਸੀ ਵੀ ਜਾਨੀ ਮਾਲੀ ਨੁਕਸਾਨ ਦੀ ਜਿੰਮੇਵਾਰ ਹੋਵੇਗੀ। ਸਾਰੇ ਹਲਾਤਾਂ ਨੂੰ ਦੇਖਦੇ ਹੋਏ ਸ਼?ਰੀ ਜਸਬੀਰ ਸਿੰਘ ਗੜ੍ਹੀ ਜੀ ਨੇ ਪ੍ਰਸ਼ਾਸਨ ਨੂੰ ਵੀ ਚੇਤਾਵਨੀ ਦਿਤੀ ਕਿ ਜੇਕਰ ਇਸ ਮੁੱਦੇ ਦਾ ਜਲਦੀ ਹੱਲ ਨਹੀ ਕੀਤਾ ਗਿਆ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ .ਬਹੁਜਨ ਸਮਾਜ ਪਾਰਟੀ ਪ੍ਰਸ਼ਾਸ਼ਨ ਨੂੰ ਦਲਿਤ ਸਮਾਜ ਦੇ ਮੁੱਦੇ ਪਹਿਲ ਦੇ ਆਧਾਰ ਤੇ , ਬਿਨਾ ਸਰਕਾਰ ਦੇ ਦਬਾਅ ਤੋਂ ਹੱਲ ਕਰਨ ਦੀ ਅਪੀਲ ਕਰਦੀ ਹੈ।

# ਹੜ੍ਹ ਪ੍ਰਭਾਵਿਤ ਪਿੰਡ ਬੇਲਾ ਧਿਆਨੀ ਅਤੇ ਪੱਟੀ ਟੇਕ ਸਿੰਘ ਵਿਖੇ ਲਗਾਇਆ ਮੈਡੀਕਲ ਕੈਂਪ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਡਾ.ਜੰਗਜੀਤ ਸਿੰਘ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਦੀ ਅਗਵਾਈ ਵਿੱਚ ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਨਿਰੰਤਰ ਕੈਂਪ ਲਗਾਏ ਜਾ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ.ਜੰਗਜੀਤ ਸਿੰਘ ਨੇ ਦੱਸਿਆ ਕਿ ਅੱਜ ਦਾ ਮੈਡੀਕਲ ਕੈਂਪ ਇਥੋਂ ਦੇ ਪਿੰਡ ਬੇਲਾ ਧਿਆਨੀ ਲੋਅਰ ਅਤੇ ਪੱਟੀ ਟੇਕ ਸਿੰਘ ਵਿਖੇ ਲਗਾਇਆ ਗਿਆ। ਇਸ ਮੌਕੇ ਸੁਖਬੀਰ ਸਿੰਘ ਮਹੈਣ, ਹਰਿੰਦਰ ਸਿੰਘ ਭੱਲੜੀ, ਸੱਜਣ ਕੁਮਾਰ, ਜਸਦੀਪ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਗਿੱਲ, ਏ ਐਨ ਐਮ ਸੁਰਭੀ ਸ਼ਰਮਾ, ਏ ਐਨ ਐਮ ਨੀਲਮ ਕੁਮਾਰੀ, ਸੀ ਐਚ ਓ ਅਨੁਪ੍ਰੀਤ, ਸੀ ਐਚ ਓ ਸ਼ਿਖਾ ਆਦਿ ਹਾਜ਼ਰ ਸਨ।



# ਖੇਤਰੀ ਖੋਜ ਕੇਂਦਰ ਬੱਲੋਵਾਲ ਸੌਂਖੜੀ ਵਿਖੇ ਕਿਸਾਨ ਮੇਲਾ 8 ਨੂੰ

**• ਨਵਾਂਸ਼ਹਿਰ/ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਸ਼ੁਰੂ ਕੀਤੇ ਹਾੜ੍ਹੀ ਰੁੱਤ ਦੇ ਕਿਸਾਨ ਮੇਲਿਆਂ ਦੀ ਲੜੀ ਵਿਚੋਂ ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਵਿਖੇ ਆਯੋਜਿਤ ਕੀਤਾ ਜਾਂਦਾ ਕਿਸਾਨ ਮੇਲਾ ਮਿਤੀ 8 ਸਤੰਬਰ, 2023 ਦਿਨ ਸ਼ੁੱਕਰਵਾਰ ਨੂੰ ਲਗਾਇਆ ਜਾ ਰਿਹਾ ਹੈ। ਡਾ. ਕੰਵਰ ਬਰਜਿੰਦਰ ਸਿੰਘ, ਨਿਰਦੇਸ਼ਕ, ਖੇਤਰੀ ਖੋਜ ਕੇਂਦਰ ਨੇ ਦੱਸਿਆ ਕਿ ਮੇਲੇ ਵਿੱਚ ਹਾੜ੍ਹੀ ਦੀਆਂ ਫਸਲਾਂ ਦੀਆਂ ਸੁਧਰੀਆ© ਕਿਸਮਾਂ ਦੇ ਬੀਜ, ਸਬਜ਼ੀਆਂ ਦੇ ਬੀਜਾਂ ਦੀਆਂ ਕਿੱਟਾਂ ਅਤੇ ਫਲਦਾਰ ਬੂਟਿਆਂ ਦੀ ਵਿਕਰੀ ਵੀ ਕੀਤੀ ਜਾਵੇਗੀ।ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਲੋਂ ਨਵੀਆਂ ਤਕਨੀਕਾਂ ਦੀਆਂ ਪ੍ਰਦਰਸ਼ਨੀਆਂ ਲਾਈਆਂ ਜਾਣਗੀਆਂ।ਇਸ ਮੌਕੇ ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਵੱਲੋਂ ਪਸ਼ੂ ਭਲਾਈ ਕੈਂਪ ਵੀ ਲਾਇਆ ਜਾਵੇਗਾ, ਜਿਸ ਵਿੱਚ ਬੀਮਾਰ ਪਸ਼ੂਆਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ। ਇਸ ਮੌਕੇ ਡਾ. ਕੰਵਰ ਬਰਜਿੰਦਰ ਸਿੰਘ, ਨਿਰਦੇਸ਼ਕ ਨੇ ਇਲਾਕਾ ਵਾਸੀਆਂ ਨੂੰ ਮੇਲੇ ਦਾ ਭਰਪੂਰ ਫਾਇਦਾ ਲੈਣ ਲਈ ਹੁੰਮ-ਹੁੰਮਾ ਕੇ ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਵਿਖੇ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ।



St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਜਿਲ੍ਹਾ ਬਰਨਾਲਾ ਦੀਆਂ ਜਿਲ੍ਹਾ ਪੱਧਰੀ ਗਰਮ ਰੁੱਤ ਸਕੂਲ ਖੇਡਾਂ ਦਾ ਪਹਿਲਾ ਗੇੜ ਸ਼ਾਨੋ-ਸ਼ੌਕਤ ਨਾਲ ਸੰਪੰਨ







• ਬਰਨਾਲਾ

ਜਿਲ੍ਹਾ ਸਿੱਖਿਆ ਅਫਸਰ ਬਰਨਾਲਾ ਸ਼ਮਸ਼ੇਰ ਸਿੰਘ ਅਤੇ ਉੱਪ ਜਿਲ੍ਹਾ ਸਿੱਖਿਆ ਅਫਸਰ ਬਰਜਿੰਦਰਪਾਲ ਸਿੰਘ ਦੀ ਅਗਵਾਈ ਹੇਠ ਜਿਲ੍ਹਾ ਬਰਨਾਲਾ ਦੀਆਂ 67ਵੀਆਂ ਗਰਮ ਰੁੱਤ ਸਕੂਲ ਖੇਡਾਂ ਦਾ ਪਹਿਲਾ ਗੇੜ ਸ਼ਾਨਦਾਰ ਢੰਗ ਨਾਲ ਸੰਪੰਨ ਹੋ ਗਿਆ ਹੈ। ਡੀ.ਐਮ. ਸਪੋਰਟਸ ਜਿਲ੍ਹਾ ਬਰਨਾਲਾ ਸਿਮਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪਹਿਲੇ ਗੇੜ ਦੀਆਂ ਜਿਲ੍ਹਾ ਪੱਧਰੀ ਸਕੂਲ ਖੇਡਾਂ ਦੇ ਕਬੱਡੀ ਸਰਕਲ ਲੜਕੇ ਤੇ ਲੜਕੀਆਂ ਦੇ ਅੰਡਰ 14 ਸਾਲ 'ਚ ਭਦੌੜ ਜੋਨ ਨੇ ਪਹਿਲਾ ਅਤੇ ਮਹਿਲ ਕਲਾਂ ਜੋਨ ਨੇ ਦੂਜਾ, ਲੜਕੀਆਂ ਅੰਡਰ 17 ਵਿੱਚ ਭਦੌੜ ਜੋਨ ਨੇ ਪਹਿਲਾ ਤੇ ਤਪਾ ਜੋਨ ਨੇ ਦੂਜਾ, ਲੜਕਿਆਂ ਦੇ ਅੰਡਰ 17 'ਚ ਮਹਿਲ ਕਲਾਂ ਜੋਨ ਨੇ ਪਹਿਲਾ ਤੇ ਭਦੌੜ ਜੋਨ ਨੇ ਦੂਜਾ, ਅੰਡਰ 19 ਲੜਕੇ 'ਚ ਠੀਕਰੀਵਾਲ ਜੋਨ ਨੇ ਪਹਿਲਾ ਤੇ ਸੇਖਾ ਜੋਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਵਾਲੀਬਾਲ ਲੜਕੇ ਅੰਡਰ 14 'ਚ ਸਸਸਸ ਬਡਬਰ ਤੇ ਸਹਸ ਧੂਰਕੋਟ, ਅੰਡਰ 17 'ਚ ਜੇਵੀਅਰ ਸਕੂਲ ਰੂੜੇਕੇ ਕਲਾਂ ਤੇ ਸਹਸ ਭੈਣੀ ਜੱਸਾ, ਅੰਡਰ 19 'ਚ ਲੌਂਗਪੁਰੀ ਸਕੂਲ ਪੱਖੋ ਕਲਾਂ ਤੇ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ ਹੈ।ਆਰਚਰੀ 'ਚ ਵਾਈ.ਐਸ.ਸਕੂਲ ਹੰਡਿਆਇਆ, ਵੇਟ ਲਿਫਟਿੰਗ ਤੇ ਪਾਵਰ ਲਿਫਟਿੰਗ 'ਚ ਐਸ.ਐਸ.ਡੀ.ਕਾਲਜੀਏਟ ਸਕੂਲ ਬਰਨਾਲਾ, ਗਾਂਧੀ ਆਰੀਆ ਸਕੂਲ ਬਰਨਾਲਾ, ਸਸਸਸ (ਲੜਕੀਆਂ) ਠੀਕਰੀਵਾਲ, ਸਸਸਸ ਸੰਧੂ ਪੱਤੀ, ਆਰ.ਪੀ.ਐਸ.ਡੀ. ਬਰਨਾਲਾ, ਸਹਸ ਬਦਰਾ, ਸਸਸਸ ਪੱਖੋ ਕਲਾਂ, ਸਸਸਸ ਸ਼ਹਿਣਾ ਅਤੇ ਮਦਰ ਟੀਚਰ ਬਰਨਾਲਾ ਦੇ ਵਿਦਿਆਰਥੀ ਜੇਤੂ ਰਹੇ। ਹੈਂਡਬਾਲ ਲੜਕੀਆਂ ਅੰਡਰ 14 'ਚ ਮਾਤਾ ਗੁਜ਼ਰੀ ਸਕੂਲ ਧਨੌਲਾ ਤੇ ਬੀ.ਜੀ.ਐਸ. ਭਦੌੜ, ਅੰਡਰ 17 'ਚ ਮਾਤਾ ਗੁਜ਼ਰੀ ਸਕੂਲ ਧਨੌਲਾ ਤੇ ਅਕਾਲ ਅਕੈਡਮੀ ਟੱਲੇਵਾਲ, ਅੰਡਰ 19 'ਚ ਵਿਰੱਕਤ ਸਕੂਲ ਟੱਲੇਵਾਲ ਤੇ ਮਾਤਾ ਗੁਜ਼ਰੀ ਸਕੂਲ ਧਨੌਲਾ ਕ੍ਰਮਵਾਰ ਪਹਿਲੇ ਤੇ ਦੂਜੇ ਸਥਾਨ 'ਤੇ ਰਹੇ। ਯੋਗਾ ਲੜਕੀਆਂ ਅੰਡਰ 14 'ਚ ਸਸਸਸ ਮੌੜਾਂ ਤੇ ਸਸਸਸ ਕੱਟੂ, ਅੰਡਰ 17 'ਚ ਐਸ.ਵੀ.ਐਮ. ਬਰਨਾਲਾ ਤੇ ਸਸਸਸ ਮੌੜਾਂ, ਲੜਕੇ ਅੰਡਰ 14 'ਚ ਐਸ.ਵੀ.ਐਮ. ਬਰਨਾਲਾ ਤੇ ਸਹਸ ਸੰਘੇੜਾ ਨੇ ਕ੍ਰਮਵਾਰ ਪਹਿਲਾ 'ਤੇ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਇੰਦਰਜੀਤ ਸਿੰਘ, ਬਲਜਿੰਦਰ ਸਿੰਘ, ਪਰਮਜੀਤ ਕੌਰ, ਅਵਤਾਰ ਸਿੰਘ, ਗੁਰਪ੍ਰੀਤ ਸਿੰਘ, ਰਾਜੇਸ਼ ਕੁਮਾਰ, ਲਿਵਲੀਨ ਸਿੰਘ, ਮਲਕੀਤ ਸਿੰਘ, ਤੇਜਿੰਦਰ ਸਿੰਘ, ਹਰਜੀਤ ਸਿੰਘ ਜੋਗਾ, ਚਰਨਜੀਤ ਸ਼ਰਮਾ, ਮਨਜੀਤ ਸਿੰਘ, ਕਮਲਦੀਪ ਸ਼ਰਮਾ, ਦਿਨੇਸ਼ ਕੁਮਾਰ, ਮੱਲ ਸਿੰਘ, ਗੁਰਪ੍ਰੀਤ ਸਿੰਘ, ਗੁਰਲਾਲ ਸਿੰਘ ਸਮੇਤ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਮੌਜੂਦ ਸਨ।

## ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਰ ਲਈ ਵੈਬਸਾਈਟ 'ਤੇ 31 ਅਗਸਤ ਤੱਕ ਕੀਤਾ ਜਾ ਸਕਦਾ ਹੈ ਅਪਲਾਈ

• ਸਹੀਦ ਭਗਤ ਸਿੰਘ ਨਗਰ

ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ, ਭਾਰਤ ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਵਲੋਂ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ (ਪੀ.ਐਮ.ਆਰ.ਬੀ.ਪੀ) ਹਰ ਸਾਲ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਬੱਚਿਆਂ ਨੇ ਅਸਾਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ ਅਤੇ ਸਪੈਸ਼ਲ ਬੱਚੇ ਜਿਨ੍ਹਾਂ ਵਿੱਚ ਅਸਾਧਾਰਨ ਯੋਗਤਾਵਾਂ ਨਾਲ ਵਿਸ਼ੇਸ਼ ਅਸਾਧਾਰਣ ਉਪਲਬੱਧੀਆਂ ਹਾਸਲ ਕੀਤਆਂ ਹੋਣ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਹ ਅਸਾਧਾਰਨ ਬੱਚੇ ਜਿਨ੍ਹਾ ਨੇ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਅਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ, ਜੋ ਕਿ ਰਾਸ਼ਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ ਹਨ, ਜੋ ਬੱਚੇ ਭਾਰਤ ਦੇ ਨਾਗਰਿਕ ਹਨ ਅਤੇ ਅਰਜੀ ਦੇਣ ਦੀ ਅੰਤਿਮ ਮਿਤੀ ਤੱਕ 18 ਸਾਲ ਤੋਂ ਘੱਟ ਉਮਰ ਦੇ ਹਨ, ਅਪਲਾਈ ਕਰ ਸਕਦੇ ਹਨ । ਉਨ੍ਹਾ ਨੇ ਦੱਸਿਆ ਕਿ ਯੋਗਤਾ ਪੂਰੀ ਕਰਨ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਰ (ਪੀ.ਐਮ.ਆਰ.ਬੀ.ਪੀ) ਦੀ ਵੈਬਸਾਈਟ https://awards.gov.in 'ਤੇ ਆਪਣਾ ਰਜਿਸਟ?ਰੇਸ਼ਨ ਕਰ ਸਕਦੇ ਹਨ 9 ਵੈਬਸਾਈਟ 'ਤੇ ਰਜਿਸਟ?ਰੇਸ਼ਨ ਦੀ ਅੰਤਿਮ ਮਿਤੀ 31 ਅਗਸਤ 2023 ਤੱਕ ਹੈ 9 ਅਵਾਰਡ ਵਿੱਚ ਇੱਕ ਮੈਡਲ ਅਤੇ ਪ੍ਰਸ਼ੰਸਾ ਪੱਤਰ ਹੁੰਦਾ ਹੈ, ਜੋ ਕਿ ਪ੍ਰਧਾਨ ਮੰਤਰੀ ਜੀ ਵਲੋਂ ਦਿਤਾ ਜਾਂਦਾ ਹੈ 9 ਵਧੇਰੇ ਜਾਣਕਾਰੀ ਲਈ ਦਫਤਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ,ਦੂਜੀ ਮੰਜਿਲ, ਕਮਰਾ ਨੰ: 313, ਸ਼ਹੀਦ ਭਗਤ ਸਿੰਘ ਨਗਰ ਵਿਖੇ ਸਪੰਰਕ ਕੀਤਾ ਜਾ ਸਕਦਾ ਹੈ ।



• ਲੁਧਿਆਣਾ/ ਸੁਖਚੈਨ ਮਹਿਰਾ

ਜੈ ਮਾਤਾ ਨੈਣਾ ਦੇਵੀ ਜੀ ਦੇ ਸਾਉਣ ਦੇ ਮਹੀਨੇ ਮੇਲਾ ਜੋ ਕਿ ਨੌਜਵਾਨ ਸੇਵਾ ਦਲ ਰਜਿ? ਵਲੋਂ 34 ਵਾਂ ਵਿਸ਼ਾਲ ਭੰਡਾਰਾ ਜ਼ਿਲ੍ਹਾ ਬਿਲਾਸਪੁਰ ਹਿਮਾਚਲ ਪ੍ਰਦੇਸ਼ ਵਿਚ ਜੋ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਧੂਮਧਾਮ ਨਾਲ 17,ਅਗਸਤ ਤੋਂ ਲੈ ਕੇ 24 ਅਗਸਤ ਤੱਕ ਕਰਵਾਇਆ ਗਿਆ ।ਲੰਗਰ ਸਮਾਪਤੀ ਕਰਕੇ ਦੁਰਗਾ ਅਸ਼ਟਵੀ ਤੇ ਨੌਜਵਾਨ ਸੇਵਾ ਦਲ ਦੇ ਸਾਰੇ ਮੈਂਬਰਾਂ ਵਲੋਂ ਮਾਂ ਨੈਣਾ ਦੇਵੀ ਦੇ ਦਰਬਾਰ ਤੇ ਝੰਡਾ ਚੜਾਇਆ ਗਿਆ। ਇਸ ਮੌਕੇ ਤੇ ਤਾਰਾ ਚੰਦ, ਹੰਸਰਾਜ ਜੱਸਾ,, ਕ੍ਰਿਸ਼ਨ ਲਾਲਕਾ,ਹੰਸ ਰਾਜ ਖੀਵਾ, ਚੌਧਰੀ ਗਿਆਨ ਖੀਵਾ, ਸਵਰਨ ਜੱਸਾ, ਚੌਧਰੀ ਮਨੀ ਖੀਵਾ, ਪਰਮਜੀਤ ਜੱਸਾ ਪੰਮੀ, ਕਸ਼ਮੀਰ ਜੱਸਾ,, ਸਨੀ ਖੀਵਾ, ਕਰਮਚੰਦ ,ਖੀਵਾ ਮੂੁਸਾ ਰਾਮ ਜੱਸਾ , ਮਾਸੀ ਜੱਸਾ, ਮਲਕੀਤ ਜੱਸਾ, ਬਿੱਟੂ ਲਾਲਕਾ ,ਸੰਦੀਪ ਖੀਵਾ,ਅੰਬੂ ਬਾਬਾ ਆਦਿ ਹਾਜ਼ਿਰ ਸਨ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

# ਪਹਾੜਾਂ ਵਿੱਚ ਹੋ ਰਹੀ ਬਾਰਸ਼ ਤੋਂ ਬਾਅਦ ਦਰਿਆਵਾਂ ਨੇੜੇ ਰਹਿੰਦੀ ਵਸੋਂ ਚੌਕਸ ਰਹੇ



• ਗੁਰਦਾਸਪੁਰ-ਨਵਨੀਤ ਕੁਮਾਰ

ਹਿਮਾਚਲ ਪ੍ਰਦੇਸ਼ ਵਿੱਚ ਹੋ ਰਹੀ ਬਾਰਸ਼ ਦੇ ਮੱਦੇਨਜ਼ਰ ਡੈਮਾਂ ਵਿੱਚ ਪਾਣੀ ਦਾ ਪੱਧਰ ਵੱਧਣ ਦੀਆਂ ਸੰਭਾਵਨਾਵਾਂ ਤੋਂ ਬਾਅਦ ਦਰਿਆਵਾਂ ਵਿੱਚ ਪਾਣੀ ਛੱਡਿਆ ਜਾ ਸਕਦਾ ਹੈ। ਇਸ ਸਭ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦਰਿਆ ਬਿਆਸ ਅਤੇ ਰਾਵੀ ਦੇ ਨੇੜੇ ਰਹਿੰਦੀ ਵਸੋਂ ਨੂੰ ਅਗਾਹ ਕੀਤਾ ਹੈ ਕਿ ਉਹ ਆਉਂਦੇ ਕੁਝ ਦਿਨ ਚੌਕਸੀ ਜਰੂਰ ਵਰਤਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸੇ ਨੂੰ ਵੀ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਸਥਿਤੀ ਪੂਰੀ ਤਰਾਂ ਕਾਬੂ ਹੇਠ ਹੈ ਅਤੇ ਦਰਿਆਵਾਂ ਵਿੱਚ ਵੀ ਪਾਣੀ ਕੰਟਰੋਲ ਚ ਵਹਿ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਾਰਸ਼ ਕਾਰਨ ਚੱਕੀ ਦਰਿਆ ਵਿਚੋਂ ਪਾਣੀ ਆਉਣ ਕਾਰਨ ਦਰਿਆ ਬਿਆਸ ਵਿੱਚ ਥੋੜਾ ਪਾਣੀ ਜਰੂਰ ਵਧਿਆ ਹੈ ਪਰ ਉਹ ਵੀ ਕੰਟਰੋਲ ਹੇਠ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਡੈਮਾਂ ਵਿੱਚ ਵੀ ਪਾਣੀ ਦਾ ਪੱਧਰ ਠੀਕ ਹੈ ਅਤੇ ਜਦੋਂ ਵੀ ਡੈਮਾਂ ਵਿਚੋਂ ਪਾਣੀ ਛੱਡਣਾ ਹੋਵੇਗਾ ਤਾਂ ਜ਼ਿਲ੍ਹਾ ਵਾਸੀਆਂ ਨੂੰ ਇਸਦੀ ਅਗਾਊਂ ਸੂਚਨਾ ਦਿੱਤੀ ਜਾਵੇਗੀ। ਉਨ੍ਹਾਂ ਨਾਲ ਹੀ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਅਫ਼ਵਾਹਾਂ ਵਿੱਚ ਬਿਲਕੁਲ ਨਾ ਆਉਣ ਅਤੇ ਕੇਵਲ ਜ਼ਿਲ੍ਹਾ ਪ੍ਰਸ਼ਾਸਨ ਜਾਂ ਪੰਜਾਬ ਸਰਕਾਰ ਵੱਲੋਂ ਸਾਂਝੀ ਕੀਤੀ ਜਾਂਦੀ ਅਧਿਕਾਰਤ ਸੂਚਨਾ ਉੱਪਰ ਹੀ ਭਰੋਸਾ ਕਰਨ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਖਾਸ ਕਰਕੇ ਦਰਿਆਵਾਂ ਕੰਢੇ ਰਹਿੰਦੀ ਵਸੋਂ ਨੂੰ ਕਿਹਾ ਹੈ ਕਿ ਉਹ ਕਿਸੇ ਵੀ ਮਦਦ ਜਾਂ ਜਾਣਕਾਰੀ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਨੰਬਰ 1800-180-1852 ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੀ ਸਥਿਤੀ ਉੱਪਰ ਨੇੜੇ ਤੋਂ ਨਜ਼ਰ ਰੱਖੀ ਜਾ ਰਹੀ ਹੈ।

# ਆਲੋਚਨਾਤਮਕ ਸੋਚ ਇੱਕ ਕਦੇ ਨਾ ਖ਼ਤਮ ਹੋਣ ਵਾਲੀ ਯਾਤਰਾ ਹੈ ਵਿਜੈ ਗਰਗ

**ਆਲੋਚਨਾਤਮਕ** ਸੋਚ ਦੇ ਹੁਨਰ ਨੂੰ ਕਿਵੇਂ ਵਿਕਸਿਤ ਕਰਨਾ ਹੈ ਆਲੋਚਨਾਤਮਕ ਸੋਚ ਆਰਗੂਮੈਂਟਾਂ ਦਾ ਨਿਰਪੱਖ ਤੌਰ ’ਤੇ ਵਿਸ਼ਲੇਸ਼ਣ ਕਰਨ, ਪ੍ਰਸ਼ਨ ਧਾਰਨਾਵਾਂ, ਸਬੂਤ ਦੀ ਵਿਆਖਿਆ ਅਤੇ ਮੁਲਾਂਕਣ ਕਰਨ ਅਤੇ ਕਈ ਦ੍ਰਿਸ਼ਟੀਕੋਣਾਂ ਤੋਂ ਮੁੱਦਿਆਂ ’ਤੇ ਵਿਚਾਰ ਕਰਨ ਦੀ ਯੋਗਤਾ ਹੈ। ਇਹ ਜ਼ਰੂਰੀ ਹੁਨਰ ਸਾਨੂੰ ਕੰਮ, ਸਿੱਖਿਆ, ਅਤੇ ਰੋਜ਼ਾਨਾ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਸਹੀ ਨਿਰਣੇ ਅਤੇ ਫੈਸਲੇ ਲੈਣ ਦੀ ਆਗਿਆ ਦਿੰਦਾ ਹੈ। ਆਲੋਚਨਾਤਮਕ ਸੋਚ ਸਾਨੂੰ ਅਧੂਰੀ ਜਾਣਕਾਰੀ, ਪੱਖਪਾਤ, ਜਾਂ ਨੁਕਸਦਾਰ ਤਰਕ ਦੇ ਆਧਾਰ ’ਤੇ ਸਨੈਪ ਫੈਸਲਿਆਂ ਤੋਂ ਪਰੇ ਜਾਣ ਦੇ ਯੋਗ ਬਣਾਉਂਦੀ ਹੈ। ਇਸ ਦੀ ਬਜਾਏ, ਅਸੀਂ ਤਰਕਸੰਗਤ ਸਿੱਟੇ ’ਤੇ ਪਹੁੰਚਣ ਤੋਂ ਪਹਿਲਾਂ ਦਾਅਵਿਆਂ ਅਤੇ ਦਲੀਲਾਂ ਦੇ ਪਿੱਛੇ ਤੱਥਾਂ ਦੇ ਆਧਾਰ ਅਤੇ ਤਰਕ ਦਾ ਧਿਆਨ ਨਾਲ ਮੁਲਾਂਕਣ ਕਰ ਸਕਦੇ ਹਾਂ। ਅੱਜ ਦੇ ਗੁੰਝਲਦਾਰ ਜਾਣਕਾਰੀ ਦੇ ਲੈਂਡਸਕੇਪ ਵਿੱਚ, ਆਲੋਚਨਾਤਮਕ ਤੌਰ ’ਤੇ ਸੋਚਣਾ ਪਹਿਲਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਮੀਡੀਆ, ਇਸ਼ਤਿਹਾਰਬਾਜ਼ੀ, ਰਾਜਨੀਤੀ ਅਤੇ ਹੋਰਾਂ ਤੋਂ ਸਮੱਗਰੀ ਦੇ ਹੜ੍ਹ ਦੇ ਨਾਲ, ਅਣਗਿਣਤ ਦਾਅਵੇ ਸਾਡੇ ਧਿਆਨ ਅਤੇ ਵਿਸ਼ਵਾਸ ਲਈ ਲੜ ਰਹੇ ਹਨ। ਦਾਅ ਵੀ ਉੱਚੇ ਹਨ-ਸਾਡੇ ਫੈਸਲੇ ਸਾਡੀ ਸਿਹਤ, ਵਿੱਤ, ਸਬੰਧਾਂ ਅਤੇ ਭਵਿੱਖ ਨੂੰ ਪ੍ਰਭਾਵਤ ਕਰ ਸਕਦੇ ਹਨ। ਆਲੋਚਨਾਤਮਕ ਠੋਸ ਸੋਚ ਸਮਰੱਥਾ ਦੇ ਬਿਨਾਂ, ਅਸੀਂ ਹੇਰਾਫੇਰੀ, ਮਾੜੀਆਂ ਚੋਣਾਂ, ਅਤੇ ਝੂਠ ਵਿੱਚ ਵਿਸ਼ਵਾਸ ਕਰਨ ਲਈ ਕਮਜ਼ੋਰ ਹੁੰਦੇ ਹਾਂ। ਇਸ ਤਰ੍ਹਾਂ ਸਫਲਤਾ ਲਈ ਸਾਡੀ ਆਲੋਚਨਾਤਮਕ ਸੋਚ ਦਾ ਵਿਕਾਸ ਕਰਨਾ ਮਹੱਤਵਪੂਰਨ ਹੈ। ਖੁਸ਼ਕਿਸਮਤੀ ਨਾਲ, ਆਲੋਚਨਾਤਮਕ ਸੋਚ ਇੱਕ ਸਿੱਖਣਯੋਗ ਹੁਨਰ ਹੈ ਜਿਸ ਨੂੰ ਕੋਈ ਵੀ ਮਿਹਨਤੀ ਅਭਿਆਸ ਨਾਲ ਤਿੱਖਾ ਕਰ ਸਕਦਾ ਹੈ। ਅਸੀਂ ਤਰਕ ਅਤੇ ਤਰਕ ਦੇ ਕੁਝ ਮੂਲ ਸਿਧਾਂਤਾਂ ਵਿੱਚ ਮੁਹਾਰਤ ਹਾਸਲ ਕਰਕੇ, ਧਾਰਨਾਵਾਂ ਨੂੰ ਸਵਾਲ ਕਰਨ, ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਦਾ ਮਨੋਰੰਜਨ ਕਰਨ, ਸਬੂਤਾਂ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰਕੇ, ਅਤੇ ਸਾਡੀਆਂ ਵਿਚਾਰ ਪ੍ਰਕਿਰਿਆਵਾਂ ’ਤੇ ਪ੍ਰਤੀਬਿੰਬਤ ਕਰਕੇ ਆਪਣੀਆਂ ਆਲੋਚਨਾਤਮਕ ਸੋਚਣ ਦੀਆਂ ਯੋਗਤਾਵਾਂ ਵਿੱਚ ਮਹੱਤਵਪੂਰਨ ਸੁਧਾਰ ਕਰ ਸਕਦੇ ਹਾਂ। ਇਸ ਨਾਲ ਬੌਧਿਕ ਵਿਕਾਸ ਹੁੰਦਾ ਹੈ। ਤਰਕ ਅਤੇ ਤਰਕ ਦੀ ਬੁਨਿਆਦ ਆਲੋਚਨਾਤਮਕ ਤੌਰ ’ਤੇ ਸੋਚਣ ਲਈ, ਤੁਹਾਨੂੰ ਦਲੀਲਾਂ ਵਿੱਚ ਆਮ ਖਾਮੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਨ ਦੀ ਲੋੜ ਹੈ। ਤਰਕਸ਼ੀਲ ਭੁਲੇਖਿਆਂ ਨੂੰ ਪਛਾਣਨਾ ਸਿੱਖੋ - ਤਰਕ ਵਿੱਚ ਗਲਤੀਆਂ ਜੋ ਕਿਸੇ ਦਲੀਲ ਨੂੰ ਅਪ੍ਰਮਾਣਿਤ ਕਰਦੀਆਂ ਹਨ। ਉਦਾਹਰਨ ਲਈ, ਤਿਲਕਣ ਢਲਾਨ ਦੀ ਗਲਤੀ ਕਿਸੇ ਕਾਰਵਾਈ ਦੇ ਗੰਭੀਰ ਨਤੀਜਿਆਂ ਬਾਰੇ ਗੈਰ-ਵਾਜਬ ਭਵਿੱਖਬਾਣੀ ਕਰਦੀ ਹੈ। ਜੇ ਅਸੀਂ ✓ ਦੀ ਇਜਾਜ਼ਤ ਦਿੰਦੇ ਹਾਂ, ਤਾਂ ਵੀ ਹੋਵੇਗਾ! ਮੁਲਾਂਕਣ ਕਰੋ ਕਿ ਕੀ ਹਰ ਕਦਮ ਤਰਕ ਨਾਲ ਅਗਲੇ ਵੱਲ ਜਾਂਦਾ ਹੈ। ਨਾਲ ਹੀ, ਬੋਧਾਤਮਕ ਪੱਖਪਾਤਾਂ ਦੀ ਭਾਲ ਕਰੋ, ਜੋ ਕਿ ਉਹ ਰੁਝਾਨ ਹਨ ਜੋ ਉਦੇਸ਼ ਨਿਰਣੇ ਨੂੰ ਕਮਜ਼ੋਰ ਕਰਦੇ ਹਨ। ਇੱਕ ਉਦਾਹਰਨ ਪੁਸ਼ਟੀ ਪੱਖਪਾਤ ਹੈ, ਜਿੱਥੇ ਲੋਕ ਆਪਣੇ ਵਿਚਾਰਾਂ ਦਾ ਸਮਰਥਨ ਕਰਨ ਵਾਲੀ ਜਾਣਕਾਰੀ ਦਾ ਸਮਰਥਨ ਕਰਦੇ ਹਨ। ਆਪਣੀ ਸੋਚ ਵਿੱਚ ਪੱਖਪਾਤ ਤੋਂ ਸੁਚੇਤ ਰਹੋ। ਮੁੱਦਿਆਂ ਨੂੰ ਨਿਰਪੱਖਤਾ ਨਾਲ ਦੇਖ ਕੇ ਧਾਰਨਾਵਾਂ ਨੂੰ ਚੁਣੌਤੀ ਦਿਓ। ਨਾਲ ਹੀ, ਤੁਹਾਡੇ ਦ੍ਰਿਸ਼ਟੀਕੋਣਾਂ ਨੂੰ ਆਕਾਰ ਦੇਣ ਵਾਲੇ ਪੱਖਪਾਤਾਂ ਨਾਲ ਜੁੜੇ ਰਹੋ। ਸਾਡੇ ਸਾਰਿਆਂ ਕੋਲ ਪਾਲਣ-ਪੋਸ਼ਣ, ਸੱਭਿਆਚਾਰ ਅਤੇ ਤਜ਼ਰਬੇ ਕਾਰਨ ਹੈ। ਤੁਹਾਡੇ ਪੱਖਪਾਤ ਬਾਰੇ ਜਾਗਰੂਕਤਾ ਤੁਹਾਨੂੰ ਲੋੜ ਪੈਣ ’ਤੇ ਉਹਨਾਂ ਦਾ ਮੁਕਾਬਲਾ ਕਰਨ ਦੀ ਇਜਾਜ਼ਤ ਦਿੰਦੀ ਹੈ। ਵੱਖ-ਵੱਖ ਦ੍ਰਿਸ਼ਟੀਕੋਣਾਂ ਦਾ ਮਨੋਰੰਜਨ ਕਰੋ ਕਿਸੇ ਵੀ ਮੁੱਦੇ ’ਤੇ, ਚੀਜ਼ਾਂ ਨੂੰ ਕਈ ਕੋਣਾਂ ਤੋਂ ਦੇਖਣ ਦੀ ਕੋਸ਼ਿਸ਼ ਕਰੋ, ਨਾ ਕਿ ਸਿਰਫ਼ ਆਪਣੇ ਹੀ। ਆਪਣੇ ਆਪ ਨੂੰ ਉਲਟ ਸਥਿਤੀ ਲਈ ਬਹਿਸ ਕਰਨ ਦੀ ਕਲਪਨਾ ਕਰੋ. ਤੁਹਾਡੀ ਦਲੀਲ ਕੀ ਹੋਵੇਗੀ? ਇਹ ਸ਼ੈਤਾਨ ਦਾ ਵਕੀਲ ਤਕਨੀਕ ਤੁਹਾਡੇ ਰੁਖ ਵਿੱਚ ਖਾਮੀਆਂ ਨੂੰ ਮਜ਼ਬੂਤ ਜਾਂ ਉਜਾਗਰ ਕਰਦੀ ਹੈ। ਆਪਣੀ ਸਮਝ ਨੂੰ ਵਧਾਉਣ ਲਈ ਵੱਖੋ-ਵੱਖਰੇ ਨਜ਼ਰੀਏ ਵਾਲੇ ਲੋਕਾਂ ਨਾਲ ਵਿਚਾਰਾਂ ’ਤੇ ਚਰਚਾ ਕਰੋ। ਸਿਰਫ਼ ਉਹਨਾਂ ਨੂੰ ਨਾ ਲੱਭੋ ਜੋ ਤੁਹਾਡੇ ਨਾਲ ਸਹਿਮਤ ਹਨ। ਜੇ ਲੋੜੀਂਦਾ ਹੋਵੇ ਤਾਂ ਆਪਣੀ ਸੋਚ ਨੂੰ ਸੋਧਣ ਲਈ ਖੁੱਲ੍ਹੇ ਰਹੋ। ਉਤਸੁਕ ਅਤੇ ਖੁੱਲ੍ਹੇ ਮਨ ਵਾਲੇ ਰਹੋ ਛੇਤੀ ਹੀ ਸਖ਼ਤ ਨਿਰਣੇ ਬਣਾਉਣ ਤੋਂ ਬਚੋ। ਨਵੀਂ ਜਾਣਕਾਰੀ ਲਈ ਖੁੱਲ੍ਹੇ ਰਹੋ ਜੋ ਤੁਹਾਡੀਆਂ ਧਾਰਨਾਵਾਂ ਨੂੰ ਚੁਣੌਤੀ ਦਿੰਦੀ ਹੈ। ਮੌਜੂਦਾ ਵਿਸ਼ਵਾਸਾਂ ਨਾਲ ਨਾ ਚਿੰਬੜੇ ਰਹੋ ਜੇਕਰ ਤੁਹਾਨੂੰ ਹੋਰ ਠੋਸ ਸਬੂਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਡੂੰਘਾਈ ਨਾਲ ਜਾਂਚ ਕਰਨ ਲਈ ਸਵਾਲ ਪੁੱਛਦੇ ਰਹੋ। ਨਾਲ ਹੀ, ਸੰਕਲਪਾਂ ਨੂੰ ਪੂਰੀ ਤਰ੍ਹਾਂ ਵਿਚਾਰਨ ਤੋਂ ਪਹਿਲਾਂ ਬਹੁਤ ਜਲਦੀ ਸਵੀਕਾਰ ਕਰੋ। ਵਿਚਾਰਾਂ ਦਾ ਨਿਰਪੱਖ ਵਿਸ਼ਲੇਸ਼ਣ ਦਿਓ, ਭਾਵੇਂ ਉਹ ਪਹਿਲਾਂ ਅਜੀਬ ਲੱਗਦੇ ਹੋਣ। ਇੱਕ ਖੁੱਲ੍ਹਾ, ਉਤਸੁਕ ਮਨ ਹੋਰ ਸੱਚਾਈ ਨੂੰ ਖੋਜਦਾ ਹੈ. ਸਬੂਤਾਂ ਅਤੇ ਦਲੀਲਾਂ ਦਾ ਧਿਆਨ ਨਾਲ ਵਿਸ਼ਲੇਸ਼ਣ ਕਰੋ ਜਦੋਂ ਕਿਸੇ ਦਾਅਵੇ ਨਾਲ ਪੇਸ਼ ਕੀਤਾ ਜਾਂਦਾ ਹੈ, ਤਾਂ ਇਸ ਨੂੰ ਬਿਨਾਂ ਸੋਚੇ ਸਮਝੇ ਸਵੀਕਾਰ ਨਾ ਕਰੋ। ਇਸਦਾ ਸਮਰਥਨ ਕਰਨ ਲਈ ਵਰਤੇ ਗਏ ਸਬੂਤ ਅਤੇ ਤਰਕ ਦੀ ਜਾਂਚ ਕਰੋ। ਸਵਾਲ ਪੁੱਛੋ ਜਿਵੇਂ: ਤੁਹਾਡਾ ਸੁਧਾਰ ਕਰੋ Metacognition Metacognition ਦਾ ਮਤਲਬ ਹੈ ਆਪਣੀ ਸੋਚ ਬਾਰੇ ਸੋਚਣਾ। ਉਹਨਾਂ ਖੇਤਰਾਂ ਦੀ ਪਛਾਣ ਕਰਨ ਲਈ ਆਪਣੀਆਂ ਵਿਚਾਰ ਪ੍ਰਕਿਰਿਆਵਾਂ ’ਤੇ ਪ੍ਰਤੀਬਿੰਬ ਕਰੋ ਜਿਨ੍ਹਾਂ ਦੀ ਤੁਹਾਨੂੰ ਵਿਕਾਸ ਕਰਨ ਦੀ ਲੋੜ ਹੈ। ਉਦਾਹਰਨ ਲਈ, ਕੀ ਤੁਸੀਂ ਸਿੱਟਾ ਕੱਢਣ ਤੋਂ ਪਹਿਲਾਂ ਸਬੂਤਾਂ ਦਾ ਪੂਰਾ ਮੁਲਾਂਕਣ ਕਰਦੇ ਹੋ? ਕੀ ਤੁਸੀਂ ਕਈ ਦ੍ਰਿਸ਼ਟੀਕੋਣਾਂ ’ਤੇ ਵਿਚਾਰ ਕਰ ਰਹੇ ਹੋ? ਆਪਣੇ ਮਾਨਸਿਕ ਅੰਨ੍ਹੇ ਸਥਾਨਾਂ ਤੋਂ ਜਾਣੂ ਹੋਣਾ ਤੁਹਾਨੂੰ ਸੁਚੇਤ ਤੌਰ ’ਤੇ ਸੁਧਾਰ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਬਾਰੇ ਸੋਚੋ ਕਿ ਤੁਸੀਂ ਆਪਣੇ ਆਲੋਚਨਾਤਮਕ ਸੋਚ ਦੇ ਹੁਨਰ ਨੂੰ ਕਿਵੇਂ ਵਧਾ ਸਕਦੇ ਹੋ, ਫਿਰ ਉਹਨਾਂ ਨੂੰ ਅਭਿਆਸ ਵਿੱਚ ਪਾਓ। ਆਲੋਚਨਾਤਮਕ ਸੋਚ ਦਾ ਅਭਿਆਸ ਕਰਦੇ ਰਹੋ ਸੁਧਾਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਰੋਜ਼ਾਨਾ ਜੀਵਨ ਵਿੱਚ ਇਹਨਾਂ ਹੁਨਰਾਂ ਨੂੰ ਲਗਾਤਾਰ ਲਾਗੂ ਕਰਨਾ। ਕੋਈ ਵੀ ਮਹੱਤਵਪੂਰਨ ਫੈਸਲਾ ਲੈਂਦੇ ਸਮੇਂ, ਦੱਸੇ ਗਏ ਗੰਭੀਰ ਸੋਚ ਵਾਲੇ ਕਦਮਾਂ ਦੀ ਵਰਤੋਂ ਕਰੋ। ਲਾਜ਼ੀਕਲ ਤਰਕ ਦੀ ਵਰਤੋਂ ਕਰਦੇ ਹੋਏ ਦੂਜਿਆਂ ਨਾਲ ਵਿਚਾਰਾਂ ਅਤੇ ਮੁੱਦਿਆਂ ’ਤੇ ਚਰਚਾ ਕਰੋ। ਸਮੇਂ ਦੇ ਨਾਲ, ਤੁਹਾਡੀਆਂ ਵਿਸ਼ਲੇਸ਼ਣਾਤਮਕ ਯੋਗਤਾਵਾਂ ਮਜ਼ਬੂਤ ਹੋਣਗੀਆਂ। ਸਿੱਟਾ ਕੰਮ, ਸਿੱਖਿਆ, ਫੈਸਲੇ ਲੈਣ, ਅਤੇ ਸਾਰੇ ਬੌਧਿਕ ਕੰਮਾਂ ਲਈ ਮਜ਼ਬੂਤ ਆਲੋਚਨਾਤਮਕ ਸੋਚ ਦੇ ਹੁਨਰਾਂ ਦਾ ਵਿਕਾਸ ਕਰਨਾ ਬਹੁਤ ਹੀ ਕੀਮਤੀ ਹੈ।

# ਖ਼ਾਲਸਾ ਕਾਲਜ ਵੂਮੈਨ ਵਿਖੇ ਦੰਦਾਂ ਦਾ ਚੈਕਅਪ ਕੈਂਪ ਲਗਾਇਆ




• ਅੰਮ੍ਰਿਤਸਰ

ਖ਼ਾਲਸਾ ਕਾਲਜ ਫ਼ਾਰ ਵੂਮੈਨ ਵਿਖੇ ਵਿਦਿਆਰਥੀਆਂ ਲਈ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ’ਤੇ ਲਗਾਏ ਇਸ ਕੈਂਪ ’ਚ ਡਾ. ਨਾਜ਼ੀਆ ਅਤੇ ਡਾ. ਸਰਵਲੀਨ ਨੇ ਮਾਹਿਰਾਂ ਵਜੋਂ ਸ਼ਿਰਕਤ ਕੀਤੀ। ਕੈਂਪ ਦੀ ਸ਼ੁਰੂਆਤ ਮੌਕੇ ਪ੍ਰਿੰ: ਡਾ. ਸੁਰਿੰਦਰ ਕੌਰ ਵੱਲੋਂ ਆਏ ਮਹਿਮਾਨਾਂ ਨੂੰ ਬੂਟੇ ਭੇਂਟ ਕੀਤੇ ਗਏ। ਇਸ ਦੌਰਾਨ ਪ੍ਰਿੰ: ਸੁਰਿੰਦਰ ਕੌਰ ਨੇ ਕਿਹਾ ਕਿ ਦੰਦਾਂ ਦੇ ਮਾਹਿਰ ਡਾਕਟਰ ਡਾ. ਨਾਜ਼ੀਆ ਅਤੇ ਡਾ: ਸਰਵਲੀਨ ਜਿਨ੍ਹਾਂ ਦਾ ਸਾਲਾਂ ਦਾ ਤਜ਼ਰਬਾ, ਨੇ ਕੈਂਪ ਲਈ ਆਪਣਾ ਕੀਮਤੀ ਸਮਾਂ ਅਤੇ ਮੁਹਾਰਤ ਦਿੱਤੀ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਮੂੰਹ ਦੀ ਸਹੀ ਸਫਾਈ ਅਭਿਆਸਾਂ ਜਿਵੇਂ ਕਿ ਬੁਰਸ਼ ਕਰਨ ਦੀਆਂ ਤਕਨੀਕਾਂ ਫਲੌਸਿੰਗ ਸੁਝਾਅ ਅਤੇ ਸਿਹਤਮੰਦ ਦੰਦਾਂ ਨੂੰ ਬਣਾਈ ਰੱਖਣ ਲਈ ਖੁਰਾਕ ਸਬੰਧੀ ਸਲਾਹਾਂ ਬਾਰੇ ਜਾਣਕਾਰੀ ਭਰਪੂਰ ਸੈਸ਼ਨ ਸ਼ਾਮਿਲ ਕੀਤੇ ਗਏ। ਪ੍ਰਿੰ: ਡਾ. ਸੁਰਿੰਦਰ ਕੌਰ ਨੇ ਕਿਹਾ ਕਿ ਕੈਂਪ ’ਚ ਸਮੂਹ ਵਿਦਿਆਰਥੀਆਂ ਨੂੰ ਦੰਦਾਂ ਦੀ ਪੂਰਕ ਜਾਂਚ ਕਰਵਾਉਣ ਦਾ ਮੌਕਾ ਮਿਲਿਆ। ਇਸ ਮੌਕੇ ਉਨ੍ਹਾਂ ਨੇ ਸਮਾਗਮ ਦੇ ਕੋਆਰਡੀਨੇਟਰ ਡਾ. ਰਾਜਵਿੰਦਰ ਕੌਰ ਦੇ ਇਸ ਗਿਆਨ ਭਰਪੂਰ ਸੈਮੀਨਾਰ ਦੇ ਆਯੋਜਨ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਸਮਾਗਮ ਦੀ ਸਮਾਪਤੀ ਮੌਕੇ ਡਾ. ਰਾਜਵਿੰਦਰ ਕੌਰ ਦੇ ਧੰਨਵਾਦ ਮਤਾ ਪੇਸ਼ ਕੀਤਾ।



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ ‘ਲੋਕ ਬਾਣੀ’ ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ ‘ਲੋਕ ਬਾਣੀ’ ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

